MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver



# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 09 ISSUE : 51 SATURDAY, 18 DECEMBER, 2021

www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


# ਕੋਵਿਡ-19 ਦੇ ਮਾਮਲੇ ਵਧਣ ਕਾਰਨ ਗੈਰ-ਜ਼ਰੂਰੀ ਕੌਮਾਂਤਰੀ ਯਾਤਰਾ ਨਾ ਕੀਤੀ ਜਾਵੇ-ਫੈਡਰਲ ਸਰਕਾਰ ਨੇ ਦਿੱਤੀ ਸਲਾਹ




ਓਟਵਾ-ਫੈਡਰਲ ਸਰਕਾਰ ਕੈਨੇਡਾ ਵਿਚ ਵਧ ਰਹੇ ਕੋਵਿਡ-19 ਦੇ ਮਾਮਲਿਆਂ ਤੇ ਓਮੀਕ੍ਰੋਨ ਵੇਰੀਐਂਟ ਦੇ ਖ਼ਤਰੇ ਕਾਰਨ ਗੈਰਜ਼ਰੂਰੀ ਵਿਦੇਸ਼ ਯਾਤਰਾ ਵਿਰੁੱਧ ਮੁੜ ਤੋਂ ਸਲਾਹ ਜਾਰੀ ਕਰ ਰਹੀ ਹੈ। ਸਿਹਤ ਮੰਤਰੀ ਜੀਨ-ਯਵੇਸ ਡੁਕਲੋਸ ਨੇ ਦੂਸਰੇ ਮੰਤਰੀਆਂ ਤੇ ਸਰਕਾਰੀ ਸਿਹਤ ਅਧਿਕਾਰੀਆਂ ਨਾਲ ਇਕ ਸਾਂਝੀ ਪ੍ਰੈਸ ਕਾਨਫਰੰਸ ਵਿਚ ਇਸ ਦਾ ਐਲਾਨ ਕਰਦਿਆਂ ਕਿਹਾ ਕਿ ਜਿਹੜੇ ਲੋਕ ਸਫਰ ਕਰਨ ਦੀ ਯੋਜਨਾ ਬਣਾ ਰਹੇ ਹਨ ਉਨ੍ਹਾਂ ਨੂੰ ਉਹ ਸਪਸ਼ਟ ਰੂਪ ਵਿਚ ਕਹਿਣਾ ਚਾਹੁੰਦੇ ਹਨ ਕਿ ਹੁਣ ਯਾਤਰਾ ਕਰਨ ਦਾ ਸਮਾਂ ਨਹੀਂ। ਓਮੀਕ੍ਰੋਨ ਵੇਰੀਐਂਟ ਦੇ ਵਿਸ਼ਵ ਪੱਧਰ 'ਤੇ ਤੇਜ਼ੀ ਨਾਲ ਫੈਲਣ ਦੀ ਗੱਲ ਕੈਨੇਡੀਅਨਾਂ ਲਈ ਭਿਆਨਕ ਡਰ ਪੈਦਾ ਕਰ ਰਹੀ ਹੈ ਇਸ ਲਈ ਯਾਤਰਾ ਕਰਨ ਬਾਰੇ ਮੁੜ ਤੋਂ ਸੋਚਿਆ ਜਾਵੇ। ਯਾਤਰਾ ਉਪਾਅ ਚਾਰ ਹਫ਼ਤਿਆਂ ਲਈ ਲਾਗੂ ਰਹਿਣਗੇ ਇਸ ਪਿੱਛੋਂ ਸਰਕਾਰ ਮਹਾਂਮਾਰੀ ਸਬੰਧੀ ਸਥਿਤੀ ਦਾ ਮੁਲਾਂਕਣ ਕਰੇਗੀ। ਡੁਕਲੋਸ ਨੇ ਕਿਹਾ ਕਿ ਸਾਨੂੰ ਪਤਾ ਹੈ ਕਿ ਸੁਣਨ ਵਾਲੇ ਕਈ ਲੋਕਾਂ ਨੂੰ ਇਹ ਗੱਲ ਬਹੁਤ ਖਰਾਬ ਲੱਗ ਸਕਦੀ ਹੈ ਪਰ ਸਾਨੂੰ ਹਸਪਤਾਲ ਸਿਸਟਮ ਅਤੇ ਆਪਣੇ ਹੈਲਥ ਕੇਅਰ ਵਰਕਰਾਂ 'ਤੇ ਜ਼ਿਆਦਾ ਭਾਰ ਪਾਉਣ ਤੋਂ ਬਚਣਾ ਚਾਹੀਦਾ ਹੈ। ਕੈਨੇਡਾ ਦੀ ਮੁੱਖ ਜਨਤਕ ਸਿਹਤ ਅਫਸਰ ਡਾ. ਥੇਰੇਸਾ ਟੈਮ ਆਖਦੀ ਹੈ ਕਿ ਕੈਨੇਡਾ ਵਿਚ ਓਮੀਕ੍ਰੋਨ ਵੇਰੀਐਂਟ ਸਥਾਨਕ ਪੱਧਰ 'ਤੇ ਫੈਲ (ਕਮਿਊਨਿਟੀ ਟਰਾਂਸਮਿਸ਼ਨ) ਰਿਹਾ ਹੈ ਅਤੇ ਮਾਮਲਿਆਂ ਦੇ ਤਜ਼ੀ ਨਾਲ ਵਧਣ ਦੀ ਸੰਭਾਵਨਾ ਹੈ। ਕੈਨੇਡਾ ਦੀ ਸਰਕਾਰੀ ਸਿਹਤ ਏਜੰਸੀ (ਪੀਐਚਏਸੀ) ਨੇ ਪਿਛਲੇ ਸ਼ੁੱਕਰਵਾਰ ਕਿਹਾ ਸੀ ਕਿ ਜੇਕਰ ਮੌਜੂਦਾ ਦਰ ਨਾਲ ਓਮੀਕ੍ਰੋਨ ਫੈਲਦਾ ਰਿਹਾ ਤਾਂ ਮੱਧ ਜਨਵਰੀ ਤਕ ਕੈਨੇਡੀਅਨ 12000 ਮਾਮਲੇ ਰੋਜ਼ਾਨਾਂ ਦਰਜ ਹੋਣ ਦੀ ਆਸ ਕਰ ਸਕਦੇ ਹਨ।

## ਟੈਸਟਿੰਗ ਸਮਰੱਥਾ 'ਚ ਵਾਧਾ



ਸਰਕਾਰ ਨੇ ਦੱਸਿਆ ਕਿ ਉਹ ਸਰਹੱਦ 'ਤੇ ਟੈਸਟਿੰਗ ਸਮਰਥਾ ਨੂੰ ਲਗਾਤਾਰ ਵਧਾਉਣਾ ਜਾਰੀ ਰੱਖਣਗੇ ਅਤੇ ਛੇਤੀ ਹੀ ਇਸ ਬਾਰੇ ਹੋਰ ਜਾਣਕਾਰੀ ਦਿੱਤੀ ਜਾਵੇਗੀ। ਮੌਜੂਦਾ ਸਮੇਂ ਅਮਰੀਕਾ ਅਤੇ ਵਿਦੇਸ਼ਾਂ ਤੋਂ 72 ਘੰਟਿਆਂ ਜਾਂ ਘੱਟ ਸਮੇਂ ਦੀ ਯਾਤਰਾ ਤੋਂ ਵਾਪਸ ਆ ਰਹੇ ਮੁਕੰਮਲ ਟੀਕਾਕਰਣ ਵਾਲੇ ਕੈਨੇਡੀਅਨਾਂ ਅਤੇ ਪੱਕੇ ਵਸਨੀਕਾਂ ਨੂੰ ਪੀਸੀਆਰ ਟੈਸਟ ਵਰਗੇ ਮੋਲਕਿਊਲਰ ਟੈਸਟ ਦੇ ਨੈਗੇਟਿਵ ਹੋਣ ਦਾ ਸਬੂਤ ਮੁਹੱਈਆ ਕਰਨ ਦੀ ਲੋੜ ਨਹੀਂ। ਅੰਤਰਰਾਸ਼ਟਰੀ ਥਾਵਾਂ ਤੋਂ ਲੰਬੇ ਸਮੇਂ ਦੇ ਸਫਰ ਪਿੱਛੋਂ ਕੈਨੇਡਾ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ 14 ਦਿਨ ਦੇ ਸੰਭਾਵਤ ਕੁਆਰਨਟੀਨ ਤੋਂ ਬਚਣ ਲਈ ਜਹਾਜ਼ 'ਤੇ ਚੜ੍ਹਨ ਤੋਂ ਪਹਿਲਾਂ 72 ਘੰਟਿਆਂ ਦੇ ਅੰਦਰ ਅੰਦਰ ਪੀਸੀਆਰ ਟੈਸਟ ਦੀ ਨੈਗੇਟਿਵ ਰਿਪੋਰਟ ਪੇਸ਼ ਕਰਨੀ ਪੈਂਦੀ ਹੈ। ਸਿਹਤ ਮੰਤਰੀ ਨੇ ਜਾਣਕਾਰੀ ਦਿੱਤੀ ਕਿ ਬੀਤੀ ਰਾਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪ੍ਰੀਮੀਅਰਾਂ ਨਾਲ ਹੋਈ ਮੀਟਿੰਗ ਪਿੱਛੋਂ ਸੂਬਿਆਂ ਤੇ ਟੈਰੀਟਰੀਸ ਵਿਚ ਜ਼ਿਆਦਾ ਤੇਜ਼ੀ ਨਾਲ ਟੈਸਟ ਕੀਤੇ ਜਾ ਰਹੇ ਹਨ।


For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜ਼ਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ - ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ - ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ਕਰੰਸੀ ਐਕਸਚੇਂਜ ਦੇ ਕਾਰੋਬਾਰ ਵਿੱਚ 18 ਸਾਲ ਤੋਂ ਰੇਟ ਅਤੇ ਭਰੋਸੇ ਦਾ ਪਰਖਿਆ ਹੋਇਆ ਨਾਮ
NEW WAY FOREIGN EXCHANGE LTD.
ਭਾਰਤ ਦੇ ਕਿਸੇ ਵੀ ਕੋਨੇ ਤੋਂ ਪੈਸੇ ਭੇਜਣ ਜਾਂ ਮੰਗਵਾਉਣ ਲਈ ਇਕ ਹੀ ਨਾਮ ਯਾਦ ਰੱਖੋ
24 Hour Service Available
Narinder S Tuli
604.760.7257
778.700.1032
#116-8028 128 St (Little India Plaza), Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S|T &|A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."

– B.Sekhon

Our history of successfully settling ICBC claims has garnered respect from our clients, and within the legal and rehabilitation communities in B.C.



Adam Ueland
LAWYER

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL.: 09 ISSUE: 51 SATURDAY, 18 DECEMBER, 2021
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਸਿਆਸਤ ਵਿਚ ਕੁੱਦਣ ਸਬੰਧੀ ਕਿਸਾਨ ਜਥੇਬੰਦੀਆਂ ਦੀਆਂ ਸੁਰਾਂ ਵੱਖ-ਵੱਖ

## ਕਿਸਾਨਾਂ ਨੂੰ ਕੋਈ ਵੱਖਰੀ ਸਿਆਸੀ ਪਾਰਟੀ ਬਣਾਉਣ ਦੀ ਲੋੜ ਨਹੀ-ਰਾਜੇਵਾਲ

ਅੰਮ੍ਰਿਤਸਰ (ਲਾਂਬਾ)-ਖੇਤੀ ਕਾਨੂੰਨ ਰੱਦ ਕਰਵਾਉਣ ਲਈ ਕਿਸਾਨ ਜਥੇਬੰਦੀਆਂ ਨੇ ਇਕਮਤ ਹੋ ਕੇ ਸੰਘਰਸ਼ ਕੀਤਾ ਪਰ ਪੰਜਾਬ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਬਾਰੇ ਸਿਆਸੀ ਦ੍ਰਿਸ਼ਟੀਕੋਣ ਪੱਖੋਂ ਕਿਸਾਨ ਜਥੇਬੰਦੀਆਂ ਇਕਮਤ ਨਹੀਂ ਹਨ। ਇਸ ਸਬੰਧੀ ਵਿਚਾਰਾਂ ਦੇ ਵਖਰੇਵੇਂ ਇਥੇ ਹਰਿਮੰਦਰ ਸਾਹਿਬ ਸ਼ੁਕਰਾਨੇ ਵਜੋਂ ਨਤਮਸਤਕ ਹੋਣ ਆਏ ਕਿਸਾਨਾਂ ਨਾਲ ਗੱਲਬਾਤ ਦੌਰਾਨ ਸਾਹਮਣੇ ਆਏ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ 'ਚੋਂ ਇਕ ਦਾ ਕਹਿਣਾ ਹੈ ਕਿ ਸੱਤਾ ਵਿਚ ਆ ਕੇ ਹੀ ਕਿਸਾਨੀ ਮਸਲੇ ਹੱਲ ਕੀਤੇ ਜਾ ਸਕਦੇ ਹਨ ਜਦਕਿ ਦੂਜੀਆਂ ਧਿਰਾਂ ਸਿਆਸੀ ਅਖਾੜੇ ਵਿਚ ਨਿਤਰਨ ਨਾਲ ਸਹਿਮਤ ਨਹੀਂ ਹਨ। ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਇਸ ਹੱਕ ਵਿਚ ਹਨ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਿਸਾਨ ਜਥੇਬੰਦੀਆਂ ਨੂੰ ਸਿਆਸਤ ਵਿਚ ਨਿੱਤਰਨਾ ਚਾਹੀਦਾ ਹੈ। ਇਸ ਸਬੰਧੀ ਉਨ੍ਹਾਂ ਕਿਹਾ ਕਿ ਉਹ ਆਪਣੀ ਸਿਆਸੀ ਪਾਰਟੀ ਬਣਾਉਣਗੇ ਅਤੇ ਵਿਧਾਨ ਸਭਾ ਚੋਣਾਂ ਲੜਨਗੇ। ਉਨ੍ਹਾਂ ਕਿਹਾ ਕਿ ਇਸ ਵੇਲੇ ਸਮਾਜ ਵਿਚ ਬਰਾਬਰੀ ਨਹੀਂ ਹੈ। ਇਕ ਵਿਅਕਤੀ ਦੀ ਆਮਦਨ ਲੋੜ ਤੋਂ ਵੱਧ ਹੈ ਤੇ ਦੂਜੇ ਦੀ ਆਮਦਨ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੀ। ਅਜਿਹੀਆਂ ਖਾਮੀਆਂ ਨੂੰ ਰਾਜਨੀਤੀ ਰਾਹੀਂ ਹੀ



ਸੁਧਾਰਿਆ ਜਾ ਸਕਦਾ ਹੈ। ਇਸ ਲਈ ਕਿਸਾਨਾਂ ਵਾਸਤੇ ਇਕ ਸਿਆਸੀ ਮੰਚ ਦੀ ਲੋੜ ਹੈ। ਮੌਜੂਦਾ ਕਿਸਾਨ ਅੰਦੋਲਨ ਦੀ ਸਮਾਪਤੀ ਬਾਰੇ ਉਨ੍ਹਾਂ ਕਿਹਾ ਕਿ ਫਿਲਹਾਲ ਸਿਰਫ ਤਿੰਨ ਕਾਨੂੰਨ ਹੀ ਵਾਪਸ ਹੋਏ ਹਨ। ਉਨਾਂ ਦੀਆਂ ਬਾਕੀ ਮੰਗਾਂ ਜਿਵੇਂ ਦੀਆਂ ਤਿਵੇਂ ਹਨ। ਇਸੇ ਦੌਰਾਨ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਸੰਖੇਪ ਗੱਲਬਾਤ ਦੌਰਾਨ ਕਿਹਾ ਕਿ ਕਿਸਾਨ ਜਥੇਬੰਦੀਆਂ ਆਪਣੀਆਂ ਮੰਗਾਂ ਸਬੰਧੀ ਗੱਲਬਾਤ ਰਾਹੀਂ ਸਰਕਾਰ 'ਤੇ ਦਬਾਅ ਬਣਾਉਣਗੀਆਂ। ਭਾਵੇਂ ਮੋਰਚਾ ਖਤਮ ਕਰ ਦਿੱਤਾ ਗਿਆ ਹੈ ਪਰ ਕਿਸਾਨ ਮੰਗਾਂ ਮੰਨਵਾਉਣ ਲਈ ਸਰਕਾਰ 'ਤੇ ਦਬਾਅ ਜਾਰੀ ਰੱਖਿਆ ਜਾਵੇਗਾ।

### ਵੱਖਰੀ ਸਿਆਸੀ ਪਾਰਟੀ ਬਣਾਉਣ ਦੀ ਲੋੜ ਨਹੀਂ- ਰਾਜੇਵਾਲ

ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਸਿਆਸਤ ਵਿੱਚ ਆਉਣ ਦੇ ਮਤ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਕੋਈ ਵੱਖਰੀ ਸਿਆਸੀ ਪਾਰਟੀ ਬਣਾਉਣ ਦੀ ਲੋੜ ਨਹੀਂ ਹੈ ਅਤੇ ਨਾ ਹੀ ਇਸ ਸਬੰਧੀ ਕੋਈ ਫੈਸਲਾ ਹੋਇਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਤਾਂ ਆਉਂਦੀਆਂ ਰਹਿੰਦੀਆਂ ਹਨ ਪਰ ਕਿਸਾਨਾਂ ਦੀਆਂ ਮੰਗਾਂ ਫਿਲਹਾਲ ਉਥੇ ਹੀ ਖੜ੍ਹੀਆਂ ਹਨ। ਕਿਸਾਨ ਸੰਘਰਸ਼ ਦਾ ਆਉਣ ਵਾਲੀਆਂ ਚੋਣਾਂ 'ਤੇ ਕੀ ਪ੍ਰਭਾਵ ਹੋਵੇਗਾ, ਬਾਰੇ ਉਨ੍ਹਾਂ ਕੋਈ ਠੋਸ ਜਵਾਬ ਨਹੀਂ ਦਿੱਤਾ। ਕਿਸਾਨ ਸੰਘਰਸ਼ ਦੇ *(ਬਾਕੀ ਸਫ਼ਾ 10 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
www.ghainotary.ca
#151-12899 80th Ave, Surrey
Email: aanchal@ghainotary.ca

# ਟਵਾਸਨ ਦੀ ਲਾਪਤਾ ਔਰਤ ਡੇਵਿਨਾ ਮੈਕਕੈਗ ਦੀ ਲਾਸ਼ ਮਿਲੀ

ਸਰੀ-ਟਵਾਸਨ ਦੀ ਲਾਪਤਾ ਔਰਤ ਡੇਵਿਨਾ ਮੈਕਕੈਗ ਦੀ ਲਾਸ਼ ਮਿਲੀ ਹੈ। ਇਸ ਹਫ਼ਤੇ ਦੇ ਸ਼ੁਰੂ ਵਿਚ ਡੈਲਟਾ ਪੁਲਿਸ ਨੇ ਕਿਹਾ ਸੀ ਕਿ ਮੈਕਕੈਗ ਬੁੱਧਵਾਰ 8 ਦਸੰਬਰ ਨੂੰ ਸ਼ਾਮ 6.30 ਵਜੇ ਦੇ ਲਗਪਗ 56ਵੀਂ ਸਟਰੀਟ ਦੇ ਸੈਂਟਰਲ ਤਸਵਵਾਸਨ ਇਲਾਕੇ ਵਿਚੋਂ ਚਲੀ ਗਈ ਸੀ ਅਤੇ ਉਸ ਨੂੰ ਉਸ ਪਿੱਛੋਂ ਦੇਖਿਆ ਨਹੀਂ ਗਿਆ। ਤਾਜ਼ਾ ਜਾਣਕਾਰੀ ਵਿਚ ਡੀਪੀਡੀ ਨੇ ਐਲਾਨ ਕੀਤਾ ਕਿ ਉਸ ਦੀ ਜਾਂਚ ਟੀਮ ਨੇ ਤਸਵਵਾਸਨ ਵਿਚ ਮੈਕਕੈਗ ਦੀ ਮੌਤ ਦਾ ਪਤਾ ਲਗਾਇਆ ਹੈ। ਬੀਸੀ ਕੋਰੋਨਰ ਸਰਵਿਸ ਨੂੰ ਜਾਣਕਾਰੀ ਦਿੱਤੀ ਗਈ ਹੈ ਪਰ ਪੁਲਿਸ ਨੇ ਜ਼ੋਰ ਦੇ ਕਿਹਾ ਕਿ ਜਨਤਕ ਸੁਰੱਖਿਆ ਨੂੰ ਕੋਈ ਖ਼ਤਰਾ ਨਹੀਂ। ਡੀਪੀਡੀ ਦੇ ਬੁਲਾਰੇ ਸਟਾਫ ਸਾਰਜੈਂਟ ਜੇਮਸ ਸੈਂਡਬਰਗ ਨੇ ਕਿਹਾ ਕਿ ਅਸੀਂ ਡੇਵਿਨਾ ਦੇ ਅਜ਼ੀਜ਼ਾਂ ਤੇ ਦੋਸਤਾਂ ਨਾਲ ਦੁੱਖ ਤੇ ਹਮਦਰਦੀ ਜ਼ਾਹਿਰ ਕਰਦੇ ਹਾਂ।

# ਪਾਰਕਲੈਂਡ ਰਿਫਾਈਨਰੀ ਨੇ ਟਰਾਂਸ ਮਾਊਂਟੇਨ ਪਾਈਪਲਾਈਨ ਮੁੜ ਸ਼ੁਰੂ ਹੋਣ ਪਿੱਛੋਂ ਪ੍ਰੋਸੈਸਿੰਗ ਨੂੰ ਤੇਜ਼ ਕੀਤਾ

ਸਰੀ-ਪਾਰਕਲੈਂਡ ਕਾਰਪ ਦਾ ਕਹਿਣਾ ਕਿ ਉਹ ਟਰਾਂਸ ਮਾਊਂਟੇਨ ਪਾਈਪਲਾਈਨ ਦੇ ਮੁੜ ਸ਼ੁਰੂ ਹੋਣ ਪਿੱਛੋਂ ਬੀਸੀ ਰਿਫਾਈਨਰੀ ਵਿਖੇ ਪ੍ਰੋਸੈਸਿੰਗ ਨੂੰ ਤੇਜ਼ ਕਰ ਰਹੀ ਹੈ। ਕੈਲਗਰੀ ਆਧਾਰਤ ਪਾਰਕਲੈਂਡ ਨੇ ਟਰਾਂਸ ਮਾਊਂਟੇਨ ਪਾਈਪਲਾਈਨ ਤੋਂ ਕੱਚੇ ਤੇਲ ਦੀ ਸਪਲਾਈ ਦੀ ਘਾਟ ਕਾਰਨ 22 ਨਵੰਬਰ ਤੋਂ 10 ਦਸੰਬਰ ਤਕ ਆਪਣੀ ਬਰਨਬੀ ਰਿਫਾਈਨਰੀ ਵਿਖੇ ਪ੍ਰੋਸੈਸਿੰਗ ਪ੍ਰਕਿਰਿਆ ਰੋਕ ਦਿੱਤੀ ਸੀ। ਬੀਸੀ ਵਿਚ ਹੜ੍ਹਾਂ ਅਤੇ ਖਰਾਬ ਮੌਸਮ ਕਾਰਨ ਸਾਵਧਾਨੀ ਵਜੋਂ ਪਾਈਪਲਾਈਨ ਤਿੰਨ ਹਫ਼ਤਿਆਂ ਲਈ ਬੰਦ ਕਰ ਦਿੱਤੀ ਗਈ ਸੀ। ਟਰਾਂਸ ਮਾਊਂਟੇਨ ਪਾਈਪਲਾਈਨ ਅਲਬਰਟਾ ਤੇ ਬੀਸੀ ਵਿਚਕਾਰ ਪ੍ਰਤੀ ਦਿਨ ਤਿੰਨ ਲੱਖ ਬੈਰਲ ਤੇਲ ਲੈ ਕੇ ਜਾਂਦੀ ਹੈ। ਆਪਰੇਸ਼ਨ ਦੇ ਰੁਕਣ ਦੌਰਨ ਪਾਰਕਲੈਂਡ ਰਿਫਾਈਨਰੀ ਨੇ ਦੂਸਰੀਆਂ ਥਾਵਾਂ ਤੋਂ ਕੱਚਾ ਤੇਲ ਮੰਗਵਾਇਆ ਅਤੇ ਆਪਣੀ ਰਿਟੇਲ ਤੇ ਵਪਾਰਕ ਗਾਹਕਾਂ ਤਕ ਟਰੱਕ ਤੇ ਬੈਰਜ ਰਾਹੀਂ ਪਹੁੰਚਾਇਆ।

# ਯੂਬੀਸੀ ਵਲੋ ਸਰੀ ਵਿਚ ਹੋਰ ਵਿਸਤਾਰ ਦੀ ਯੋਜਨਾ

ਸਰੀ-ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਨੇ ਅਜੇ ਪਿਛਲੇ ਮਹੀਨੇ ਸਰੀ ਵਿਚ ਉਸਾਰੀ ਕਰਨ ਦੀਆਂ ਆਪਣੀਆਂ ਸ਼ੁਰੂਆਤੀ ਯੋਜਨਾਵਾਂ ਦਾ ਐਲਾਨ ਕੀਤਾ ਸੀ ਜਦਕਿ ਯੂਨੀਵਰਸਿਟੀ ਦੇ ਪ੍ਰਧਾਨ ਨੇ ਸੰਕੇਤ ਦਿੱਤਾ ਕਿ ਸ਼ਹਿਰ ਵਿਚ ਹੋਰ ਵਿਸਤਾਰ ਦੀਆਂ ਯੋਜਨਾਵਾਂ ਹਨ। ਯੂਬੀਸੀ ਵਿਖੇ ਪ੍ਰਧਾਨ ਤੇ ਉਪ ਕੁਲਪਤੀ ਸੈਂਟਾ ਜੇ ਓਨੋ ਜਿਹੜਾ 14 ਦਸੰਬਰ ਨੂੰ ਸਰੀ ਬੋਰਡ ਆਫ ਟਰੇਡ ਲੰਚ ਵਿਖੇ ਮੁੱਖ ਬੁਲਾਰਾ ਸੀ ਨੇ ਉਥੇ ਸ਼ਹਿਰ ਵਿਚ ਯੂਨਵਰਸਿਟੀ ਦੇ ਵਿਸਤਾਰ ਦੀਆਂ ਯੋਜਨਾਵਾਂ ਬਾਰੇ ਦੱਸਿਆ।2 ਨਵੰਬਰ ਨੂੰ ਯੂਬੀਸੀ ਨੇ ਐਲਾਨ ਕੀਤਾ ਸੀ ਕਿ ਇਸ ਦੇ ਪ੍ਰਾਪਰਟੀਜ਼ ਟਰੱਸਟ ਨੇ ਕਿੰਗ ਜੌਰਜ ਬਾਊਲਵਾਰਡ ਅਤੇ ਫਰੇਜ਼ਰ ਹਾਈਵੇ ਦੇ ਦੱਖਣੀ ਪੂਰਬੀ ਕੋਨੇ 'ਤੇ ਵੈਲ੍ਹੀ ਵਿਚ 70 ਮਿਲੀਅਨ ਡਾਲਰ ਨਾਲ 135000 ਵਰਗ ਫੁੱਟ ਪ੍ਰਾਪਰਟੀ ਖਰੀਦੀ ਹੈ।



# ਮੇਅਰ ਡੱਗ ਮੈਕਲਮ ਵਲੋਂ ਉਸ ਦੇ ਕਾਨੂੰਨੀ ਖਰਚਿਆਂ ਲਈ ਪੈਸੇ ਦੇਣ ਬਾਰੇ ਸਿਟੀ ਦੇ ਫ਼ੈਸਲੇ ਦਾ ਬਚਾਅ

ਸਰੀ-ਸਰੀ ਦੇ ਮੇਅਰ ਡੱਗ ਮੈਕਲਮ ਜਿਹੜਾ ਜਨਤਕ ਸ਼ਰਾਰਤ ਦੇ ਇਕ ਦੋਸ਼ ਦਾ ਸਾਹਮਣਾ ਕਰ ਰਿਹਾ ਹੈ ਨੇ ਉਸ ਦੇ ਕਾਨੂੰਨੀ ਬਿੱਲਾਂ ਲਈ ਫੰਡ ਦੇਣ ਵਾਸਤੇ ਸ਼ਹਿਰ ਦੇ ਫ਼ੈਸਲੇ ਦਾ ਬਚਾਅ ਕੀਤਾ ਹੈ ਅਤੇ ਜ਼ੋਰ ਦੇ ਕੇ ਕਿਹਾ ਕਿ ਸਿਟੀ ਹਾਲ ਵਿਖੇ ਉਸ ਦੇ ਕੰਮਾਂ ਵਿਚ ਵਿਘਨ ਨਹੀਂ ਪਿਆ। ਆਪਣੇ ਦੋਸ਼ ਬਾਰੇ ਮੈਕਲਮ ਨੇ ਕਿਹਾ ਕਿ ਇਸ ਨੇ ਉਨ੍ਹਾਂ ਨੂੰ ਤੇਜ਼ ਕਰ ਦਿੱਤਾ ਹੈ। ਅਸੀਂ ਆਪਣੀ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ ਹੈ ਅਤੇ ਜਿੰਨਾ ਅਸੀਂ ਸੋਚਿਆ ਸੀ ਅਸੀਂ ਉਸ ਤੋਂ ਜ਼ਿਆਦਾ ਅਫਸਰਾਂ ਨੂੰ ਸੜਕਾਂ 'ਤੇ ਲਿਆ ਰਹੇ ਹਾਂ। ਮੈਕਲਮ 'ਤੇ 10 ਦਸੰਬਰ ਨੂੰ ਜਨਤਕ ਸ਼ਰਾਰਤ ਦਾ ਇਕ ਦੋਸ਼ ਲਗਾਇਆ ਗਿਆ ਸੀ। ਇਹ ਦੋਸ਼ 4 ਸਤੰਬਰ ਨੂੰ ਸਾਊਥ ਪੁਆਇੰਟ ਸੇਵ-ਆਨ-ਫੂਡਸ ਵਿਖੇ ਟਕਰਾਅ ਤੋਂ ਪੈਦਾ ਹੋਇਆ, ਘਟਨਾ ਪਿੱਛੋਂ ਮੇਅਰ ਨੇ ਮੀਡੀਆ ਨੂੰ ਦੱਸਿਆ ਕਿ ਇਲੈਕਸਨ ਬੀਸੀ ਤੋਂ ਅਧਿਕਾਰਤ ਸਰੀ ਪੁਲਿਸ ਵੋਟ ਪਟੀਸ਼ਨ ਲਈ ਦਸਤਖਤ ਕਰ ਰਹੇ ਲੋਕਾਂ ਦੇ ਇਕ ਗਰੁੱਪ ਨਾਲ ਬਹਿਸ ਪਿੱਛੋਂ ਉਸ ਦੇ ਪੈਰ ਉੱਪਰ ਗੱਡੀ ਚੜ੍ਹਾ ਦਿੱਤੀ ਗਈ ਸੀ। ਮੈਕਲਮ ਦੇ ਉਸ ਦੇ ਪੈਰ 'ਤੇ ਗੱਡੀ ਚੜ੍ਹਾਉਣ ਦੇ ਕੀਤੇ ਦਾਅਵੇ ਦਾ ਉਨ੍ਹਾਂ ਲੋਕਾਂ ਨੇ ਖੰਡਨ ਕੀਤਾ ਸੀ ਜਿਹੜੇ ਦਸਤਖ਼ਤ ਇਕੱਤਰ ਕਰ ਰਹੇ ਸਨ। ਮੇਅਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕਰਦਾਤਾ ਸਿਟੀ ਬਾਈਲਾਅ 15912 ਕਾਰਨ ਉਸ ਦੇ ਕਾਨੂੰਨੀ ਬਚਾਅ ਲਈ ਪੈਸੇ ਅਦਾ ਕਰਨਗੇ।

# ਡੇਰੇਕ ਸ਼ੌਵਿਨ ਵਲੋਂ ਜੌਰਜ ਫਲਾਇਡ ਦੀ ਮੌਤ ਵਿਚ ਫੈਡਰਲ ਦੋਸ਼ਾਂ ਦਾ ਇਕਬਾਲ

ਸੇਂਟ ਪੌਲ, ਮਿਨੀਐਪਲਿਸ-ਮਿਨੀਐਪਲਿਸ ਦੇ ਸਾਬਕਾ ਪੁਲਿਸ ਅਫਸਰ ਡੇਰੇਕ ਚੌਵਿਨ ਨੇ **ਜੌਰਜ** ਫਲਾਇਡ ਦੇ ਨਾਗਰਿਕਾਂ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਫੈਡਰਲ ਦੋਸ਼ ਸਵੀਕਾਰ ਕਰ ਲਿਆ ਹੈ। ਉਸ ਨੇ ਪਹਿਲੀ ਵਾਰ ਸਵੀਕਾਰ ਕੀਤਾ ਕਿ ਉਸ ਨੇ ਫਲਾਇਡ ਦੀ ਧੌਣ 'ਤੇ ਗੋਡਾ ਰੱਖਿਆ ਅਤੇ ਉਸ ਦੇ ਅਨਰਿਸਪੌਂਸਿਵ ਹੋਣ 'ਤੇ ਵੀ ਗੋਡਾ ਉਸ ਦੀ ਧੌਣ ਤੋਂ ਨਹੀਂ ਚੁੱਕਿਆ ਸਿੱਟੇ ਵਜੋਂ ਕਾਲੇ ਵਿਅਕਤੀ ਦੀ ਮੌਤ ਹੋ ਗਈ। ਚੌਵਿਨ ਜਿਹੜਾ ਗੋਰਾ ਹੈ ਨੂੰ ਇਸ ਬਸੰਤ ਵਿਚ 25 ਮਈ 2020 ਨੂੰ ਫਲਾਇਡ ਦੀ ਮੌਤ ਲਈ ਕਤਲ ਤੇ ਮੈਨਸਲਾਟਰ ਦੋਸ਼ਾਂ ਲਈ ਦੋਸ਼ੀ ਕਰਾਰ ਦਿੰਦਿਆਂ ਸਾਢੇ ਬਾਈ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਹੁਣ ਆਪਣੀ ਫੈਡਰਲ ਅਪੀਲ ਵਿਚ ਚੌਵਿਨ ਨੇ ਮੰਨਿਆਂ ਕਿ ਉਸ ਨੇ ਫਲਾਇਡ ਦੇ ਹੱਥ ਕੜੀਆਂ ਲੱਗੀਆਂ ਹੋਣ ਅਤੇ ਵਿਰੋਧ ਨਾ ਕਰਨ ਦੇ ਬਾਵਜੂਦ ਉਸ ਦੀ ਧੌਣ 'ਤੇ ਗੋਡਾ ਰੱਖ ਕੇ ਉਸ ਨੂੰ ਗੈਰਵਾਜ਼ਬ ਤਰੀਕੇ ਨਾਲ ਕਾਬੂ ਕਰਨ ਤੋਂ ਮੁਕਤ ਕੀਤੇ ਜਾਣ ਦੀ ਉਸ ਦੇ ਅਧਿਕਾਰ ਤੋਂ ਵਾਂਝਾ ਰੱਖਿਆ ਸੀ। ਫਲਾਇਡ ਦੀ ਮੌਤ ਵਿਚ ਦੂਸਰਾ ਫੈਡਰਲ ਦੋਸ਼ ਖਾਰਜ ਕਰ ਦਿੱਤਾ ਗਿਆ ਪਰ 2017 ਦੇ ਇਕ ਗੈਰਸਬੰਧਤ ਮਾਮਲੇ ਵਿਚ ਉਸ ਨੇ ਇਕ ਹੋਰ ਦੋਸ਼ ਵਿਚ ਆਪਣਾ ਕਸੂਰ ਮੰਨ ਲਿਆ। ਅਸਲ ਵਿਚ ਸੂਬੇ ਵਿਚ ਦੋਸ਼ ਵਿਚ ਸਜ਼ਾ ਸੁਣਾਏ ਜਾਣ ਪਿੱਛੋਂ ਉਸ ਨੂੰ ਫੈਡਰਲ ਦੋਸ਼ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਫੈਡਰਲ ਦੋਸ਼ ਵਿਚ ਉਸ ਨੂੰ ਉਮਰ ਕੈਦ ਦਾ ਸਾਹਮਣਾ ਕਰਨਾ ਪੈ ਸਕਦਾ ਸੀ ਪਰ ਟਰਾਇਲ ਤੋਂ ਬਚਣਾ ਉਸ ਲਈ ਸੰਭਾਵਤ ਲਾਭ ਹੈ। ਪਟੀਸ਼ਨ ਸਮਝੌਤੇ ਤਹਿਤ ਦੋਵੇਂ ਧਿਰਾਂ ਇਸ ਗੱਲ 'ਤੇ ਸਹਿਮਤ ਹੋ ਗਈਆਂ ਕਿ ਚੌਵਿਨ ਨੂੰ 20 ਤੋਂ 25 ਸਾਲ ਕੈਦ ਦੀ ਸਜ਼ਾ ਦਿੱਤੀ ਜਾਵੇ ਪਰ ਪ੍ਰੌਸੀਕਿਊਟਰਸ ਦਾ ਕਹਿਣਾ ਕਿ ਉਹ 25 ਸਾਲ ਕੈਦ ਦੀ ਮੰਗ ਕਰਨਗੇ। ਅੰਤਿਮ ਸਜ਼ਾ ਅਮਰੀਕੀ ਫੈਡਰਲ **ਜੱਜ** ਪੌਲ ਮੈਗਨੂਸਨ ਸੁਣਾਵੇਗਾ ਪਰ ਚੌਵਿਨ ਦੇ ਫੈਡਰਲ ਦੋਸ਼ ਵਿਚ ਜ਼ਿਆਦਾ ਸਜ਼ਾ ਦਾ ਸਾਹਮਣਾ ਕਰਨ ਦੀ ਸੰਭਾਵਨਾ ਹੈ।

# ਚੋਟੀ ਦੇ ਡਾਕਟਰਾਂ ਵੱਲੋਂ ਕੈਨੇਡਾ ਸਰਕਾਰ ਨੂੰ ਜਨਤਕ ਸਿਹਤ ਪ੍ਰਣਾਲੀ ਬਦਲਣ ਦੀ ਅਪੀਲ

ਸਰੀ (ਹਰਦਮ ਮਾਨ)- ਕੈਨੇਡਾ ਦੇ ਚੋਟੀ ਦੇ ਡਾਕਟਰਾਂ ਵੱਲੋਂ ਫੈਡਰਲ ਸਰਕਾਰ ਨੂੰ ਆਪਣੀ ਜਨਤਕ ਸਿਹਤ ਪ੍ਰਣਾਲੀ ਬਦਲਣ ਦੀ ਅਪੀਲ ਕੀਤੀ ਜਾ ਰਹੀ ਹੈ ਤਾਂ ਜੋ ਦੇਸ਼ ਭਵਿੱਖ ਅਤੇ ਮੌਜੂਦਾ ਸਿਹਤ ਖਤਰਿਆਂ ਨਾਲ ਨਜਿੱਠਣ ਲਈ ਬਿਹਤਰ ਢੰਗ ਨਾਲ ਤਿਆਰ ਹੋ ਸਕੇ। ਚੀਫ ਪਬਲਿਕ ਹੈਲਥ ਅਫਸਰ ਡਾ। ਥੇਰੇਸਾ ਟੈਮ ਦਾ ਕਹਿਣਾ ਹੈ ਕਿ ਕੋਵਿਡ-19 ਮਹਾਂਮਾਰੀ ਕੈਨੇਡਾ ਵਿੱਚ "ਜਨਤਕ ਸਿਹਤ ਦੇ ਨਵੀਨੀਕਰਨ" ਦੀ ਲੋੜ ਦਾ ਸੱਦਾ ਦਿੱਤਾ ਹੈ। ਇਸ ਵਿੱਚ ਕੈਨੇਡਾ ਦੇ ਜਨਤਕ ਸਿਹਤ ਡੇਟਾ ਇਕੱਤਰ ਕਰਨ ਅਤੇ ਨਿਗਰਾਨੀ ਵਿੱਚ ਸੁਧਾਰ ਕਰਨਾ ਸ਼ਾਮਲ ਹੈ। ਉਨ੍ਹਾਂ ਕਿਹਾ ਹੈ ਕਿ ਮਹਾਂਮਾਰੀ ਬਾਰੇ ਡੇਟਾ ਇਕੱਠਾ



ਕਰਨ ਦੀ ਕੈਨੇਡਾ ਦੀ ਯੋਗਤਾ ਵਿਚਲੇ ਖੱਪੇ ਕਾਰਨ ਕਾਫੀ ਰੁਕਾਵਟ ਹੋਈ ਹੈ। ਉਨ੍ਹਾਂ ਸਰਕਾਰ ਨੂੰ ਐਮਰਜੈਂਸੀ ਲੰਘ ਜਾਣ ਤੋਂ ਬਾਅਦ ਜਨਤਕ ਸਿਹਤ ਫੰਡਾਂ ਨੂੰ ਵਾਪਸ ਨਾ ਕਰਨ ਵਿਰੁੱਧ ਚੇਤਾਵਨੀ ਵੀ ਦਿੱਤੀ ਅਤੇ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਅਕਸਰ ਕਰਦੀ ਹੈ,ਉਸ ਨਾਲ ਅਗਲੇ ਸੰਕਟ ਦੀ ਸ਼ੁਰੂਆਤ ਵਿੱਚ ਕੈਨੇਡਾ ਨੂੰ ਨੁਕਸਾਨ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਇਹ ਸਿਫ਼ਾਰਸ਼ਾਂ ਡਾ। ਟੈਮ ਦੀ ਸਾਲਾਨਾ ਰਿਪੋਰਟ ਦਾ ਹਿੱਸਾ ਹਨ,ਜੋ ਅੱਜ ਸਿਹਤ ਮੰਤਰੀ ਜੀਨ-ਯਵੇਸ ਡੁਕਲੋਸ ਦੁਆਰਾ ਹਾਊਸ ਆਫ਼ ਕਾਮਨਜ਼ ਵਿੱਚ ਪੇਸ਼ ਕੀਤੀ ਗਈਆਂ ਸਨ।


MORTGAGE

If you are paying more than


1.30%*

(5 Years VIRM 30 Years Ammortization)

Call us NOW to Lower your Rate!



Raj Gill has "NO STRESS MORTGAGE"



RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative
*Some conditions apply.

SHARNJIT GILL, AMP
604 507 1000
SURREY
Unit 244 8138 128 St
www.quickapproval.ca



JJB INSURANCE

Sarban Singh Sidhu
604-507-6866
#1, 13791, 72 AVE, SURREY (NEAR FRUITICANA)

We Are Specialist In Setting Up New Prorate Co, Fleet, Cargo

Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE

HOUSE INSURANCE
UP TO 65% DISCOUNT AVAILABLE

THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

- ਪਹਿਲੀ ਵਾਰ ਘਰ ਖ਼ੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Ask for Special Rate for Super Visa Insurance
Money Back upon Visa Declined

Wawanesa Insurance

Call Us Before You Renew / Buy Any Insurance Lien & Accident Search Available

# ਊਧਮ ਸੰਧੂ ਨੇ ਕਤਲ ਦੇ ਦੋਸ਼ ਕਬੂਲੇ

ਕੈਲਗਰੀ (ਕਮਲਜੀਤ ਬੁੱਟਰ)-13 ਮਈ, 2020 ਨੂੰ ਹਿਟ ਐਂਡ ਰਨ ਦੀ ਘਟਨਾ ਵਿੱਚ ਇਬਾਦ ਯਾਰ ਨਾਮ ਦੇ 15 ਸਾਲਾ ਬੱਚੇ ਦੀ ਦਰਦਨਾਕ ਮੌਤ ਦੇ ਮਾਮਲੇ ਵਿੱਚ ਸੈਕਿੰਡ ਡਿਗਰੀ ਮਰਡਰ ਦੇ ਦੋਸ਼ ਵਿੱਚ ਫਸੇ 39 ਸਾਲਾ ਊਧਮ ਸੰਧੂ ਨੇ ਅਦਾਲਤ ਵਿੱਚ ਮੈਨਸਲੌਟਰ ਦਾ ਦੋਸ਼ ਕਬੂਲ ਕਰ ਲਿਆ ਹੈ। ਅਦਾਲਤ ਵਿੱਚ ਦੱਸਿਆ ਗਿਆ ਕਿ ਘਟਨਾ ਤੋਂ 24 ਘੰਟੇ ਪਹਿਲਾਂ ਊਧਮ ਸੰਧੂ ਦੀ ਗੱਡੀ ਇਕ ਸ਼ੀਸ਼ੇ ਨੂੰ ਇੱਟ ਮਾਰ ਕੇ ਨੁਕਸਾਨ ਪਹੁੰਚਾਇਆ ਗਿਆ ਸੀ ਜਿਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ ਸੀ ਪਰ ਉਸ ਦੀ ਜਾਂਚ ਅਜੇ ਸ਼ੁਰੂ ਨਹੀਂ ਹੋਈ ਸੀ। ਸੰਧੂ ਨੇ ਡੌਜ ਜਰਨੀ ਕਿਸਮ ਦੀ ਗੱਡੀ ਟ੍ਰੈਕ ਕਰ ਲਈ ਸੀ ਜਿਸ ਵਿਚੋਂ ਇੱਟ ਮਾਰੀ ਗਈ ਸੀ। ਸੰਧੂ ਨੇ ਉਸ ਗੱਡੀ ਨੂੰ ਬਹੁਤ ਹੌਲੀ ਗਤੀ ਨਾਲ ਪਿਛਿ ? ਟੱਕਰ ਮਾਰੀ ਤੇ ਡੌਜ ਜਰਨੀ ਨੂੰ 15 ਸਾਲਾ ਇਬਾਦ ਯਾਰ ਨੇ ਭਜਾ ਲਿਆ। ਦੋਵੇਂ ਗੱਡੀਆਂ 157 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਤੱਕ ਵੀ ਭਜਾਈਆਂ ਗਈਆਂ। ਇਕ ਗਵਾਹ ਨੇ ਸੰਧੂ ਨੂੰ ਪੈਲੇਟ ਗੰਨ ਫੜੀ ਦੇਖਿਆ ਤੇ ਉਹ ਨਸ਼ੇ ਦੀ ਹਾਲਤ ਵਿੱਚ ਜਾਪ ਰਿਹਾ ਸੀ। ਗੱਡੀ ਦਾ ਪਿੱਛਾ ਕਰਦਿਆਂ ਸੰਧੂ ਨੇ ਇਬਾਦ ਯਾਰ ਦੀ ਗੱਡੀ ਵੱਲ ਗੋਲੀਆਂ ਵੀ ਚਲਾਈਆਂ ਸਨ। 52 ਸਟ੍ਰੀਟ ਨੌਰਥ ਈਸਟ 'ਤੇ ਹਾਇਵੇਅ-ਵਨ ਤੋਂ ਪਹਿਲਾਂ ਸੰਧੂ ਦੀ ਗੱਡੀ ਨੇ ਇਬਾਦ ਯਾਰ ਦੀ ਗੱਡੀ ਨੂੰ ਪਿਛਿ ? ਟੱਕਰ ਮਾਰ ਦਿੱਤੀ ਤੇ ਉਸ ਦੀ ਗੱਡੀ ਪਲਟੀਆਂ ਖਾ ਗਈ ਤੇ ਇਬਾਦ ਯਾਰ ਗੱਡੀ ਵਿਚੋਂ ਬਾਹਰ ਜਾ ਡਿੱਗਿਆ। ਉਸ ਨੇ ਸੀਟ ਬੈਲਟ ਨਹੀਂ ਪਾਈ ਹੋਈ ਸੀ। ਟੱਕਰ ਤੋਂ ਬਾਦ ਸੰਧੂ ਆਪਣੀ ਗੱਡੀ ਛੱਡ ਕੇ ਨੱਠ ਗਿਆ ਤੇ ਉਸ ਦੀ ਚੋਰੀ ਦੀ ਸੂਚਨਾ ਦੇ ਦਿੱਤੀ। ਊਧਮ ਸੰਧੂ ਨੇ ਇਸ ਹਾਦਸੇ ਲਈ ਪੁਲਿਸ ਨੂੰ ਜ਼ਿੰਮੇਦਾਰ ਠਹਿਰਾਇਆ ਸੀ। ਹੁਣ ਉਸ ਨੇ ਇਸ ਮੌਤ ਲਈ ਮੈਨਸਲੌਟਰ ਦਾ ਜੁਰਮ ਇਕਬਾਲ ਕਰ ਲਿਆ ਹੈ ਤੇ ਸਜ਼ਾ ਦੀ ਕਾਰਵਾਈ ਅਗਲੇ ਸਾਲ ਸ਼ੁਰੂ ਹੋਵੇਗੀ।

# ਮੇਅਰ ਜੋਤੀ ਵੀ ਬਿਲ-21 ਦੇ ਵਿਰੋਧ 'ਚ ਖੜੇ ਹੋਏ

ਕੈਲਗਰੀ (ਕਮਲਜੀਤ ਬੁੱਟਰ)-ਕੈਲਗਰੀ ਮੇਅਰ ਡਾ: ਜੋਤੀ ਗੌਂਡੇਕ ਨੇ ਕਿਉਬੈਕ ਸਰਕਾਰ ਦੇ ਬਿਲ-21 ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ ਤੇ ਦੇਸ਼ ਭਰ ਦੀਆਂ ਹੋਰਨਾਂ ਮਿਉਨਿਸਿਪੈਲਿਟੀਜ਼ ਨੂੰ ਵੀ ਇਸ ਦੇ ਵਿਰੋਧ ਵਿੱਚ ਇਕੱਠਿਆਂ ਹੋਣ ਲਈ ਲਾਮਬੰਦੀ ਕਰਨ ਨੂੰ ਕਿਹਾ ਹੈ। ਕਿਉਬੈਕ ਵਿੱਚ ਪਾਸ ਇਸ ਕਾਨੂੰਨ ਤਹਿਤ ਧਾਰਮਿਕ ਪ੍ਰਤੀਕ ਚਿੰਨ੍ਹ ਪਹਿਨ ਕੇ ਸਰਕਾਰੀ ਸੇਵਾਵਾਂ ਨਹੀਂ ਦਿੱਤੀਆਂ ਜਾ ਸਕਣਗੀਆਂ। ਪਿਛਲੇ ਦਿਨੀਂ ਇਕ ਮੁਸਲਿਮ ਅਧਿਆਪਕਾ ਨੂੰ ਹਿਜਾਬ ਪਹਿਨਦੀ ਹੋਣ ਕਰਕੇ ਨੌਕਰੀ ਤੋਂ ਫਾਰਗ਼ ਕਰ ਦਿੱਤਾ ਗਿਆ ਸੀ ਜਿਸ ਮਗਰੋਂ ਇਸ ਕਾਨੂੰਨ ਦੇ ਵਿਰੋਧ ਦੀ ਅਵਾਜ਼ ਬੁਲੰਦ ਹੋਣ ਲੱਗੀ ਹੈ। ਕੈਲਗਰੀ ਮੇਅਰ ਗੌਂਡੇਕ ਨੇ ਕਿਹਾ ਕਿ ਉਹਨਾਂ ਬ੍ਰੈਂਪਟਨ ਮੇਅਰ ਪੈਟ੍ਰਿਕ ਬ੍ਰਾਉਨ ਨਾਲ ਵੀ ਗੱਲ ਕੀਤੀ ਹੈ ਤੇ ਉਹਨਾਂ ਦੱਸਿਆ ਕਿ ਨੈਸ਼ਨਲ ਕੌਂਸਲ ਔਫ਼ ਕੈਨੇਡੀਅਨ ਮੁਸਲਿਮਜ਼ - ਐਨ।ਸੀ।ਸੀ।ਐਮ। ਨੂੰ ਇਸ ਕਾਨੂੰਨ ਦੇ ਖਿਲਾਫ਼ ਲੜਾਈ ਲਈ ਸਿਟੀ ਕੌਂਸਲ ਵੱਲੋਂ 1 ਲੱਖ ਡੌਲਰਜ਼ ਦੀ ਰਕਮ ਦਿੱਤੀ ਜਾਵੇਗੀ ਤੇ ਕੈਲਗਰੀ ਵੱਲੋਂ ਵੀ ਇੰਨੀ ਹੀ ਰਕਮ ਦਿੱਤੇ ਜਾਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਸਿਟੀ ਕੌਂਸਲ ਅਗਲੇ ਹਫ਼ਤੇ ਇਸ ਉਤੇ ਵਿਚਾਰ ਕਰੇਗੀ।




# ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਜ਼ੂਮ ਮੀਟਿੰਗ

ਸਰੀ (ਰੁਪਿੰਦਰ ਖਹਿਰਾ ਰੂਪੀ)-11 ਦਸੰਬਰ,2021 ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਜ਼ੂਮ ਮੀਟਿੰਗ ਕਿਸਾਨ ਅੰਦੋਲਨ ਦੀ ਜਿੱਤ ਨੂੰ ਸਮਰਪਿਤ ਰਹੀ। ਇਸ ਮੌਕੇ ਮੁੱਖ ਬੁਲਾਰੇ ਡਾ: ਪ੍ਰਿਥੀਪਾਲ ਸਿੰਘ ਸੋਹੀ ਰਹੇ । ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਕੀਤੀ ਗਈ । ਮੰਚ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਵੱਲੋਂ ਕੀਤਾ ਗਿਆ । ਆਰੰਭ ਵਿੱਚ ਸ਼ੋਕ ਮਤਿਆਂ ਵਿੱਚ ਲੇਖਕ ਗੁਰਦੇਵ ਸਿੰਘ ਰੁਪਾਣਾ, ਕੁਲਵੰਤ ਸਿੰਘ ਸੂਰੀ, ਮੋਹਨ ਭੰਡਾਰੀ ਅਤੇ ਗਾਇਕਾ ਗੁਰਮੀਤ ਬਾਵਾ ਨੂੰ ਸਭਾ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ । ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਜਿੱਤ ਬਾਰੇ ਕੁਝ ਸ਼ਬਦ ਕਹੇ ਗਏ ।ਸਭਾ ਦੇ ਮੈਂਬਰ ਕੁਲਦੀਪ ਗਿੱਲ ਵੱਲੋਂ ਡਾ: ਪ੍ਰਿਥੀਪਾਲ ਸਿੰਘ ਸੋਹੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ । ਉਪਰੰਤ ਪ੍ਰਿਤਪਾਲ ਗਿੱਲ ਵੱਲੋਂ ਡਾ: ਪ੍ਰਿਥੀਪਾਲ ਸੋਹੀ ਦਾ ਕੁਝ ਸ਼ਬਦਾਂ ਨਾਲ ਸਵਾਗਤ ਕੀਤਾ ਗਿਆ। ਕਿਸਾਨਾਂ ਦੀ ਜਿੱਤ ਮੌਕੇ ਮੁੱਖ ਬੁਲਾਰੇ ਡਾ: ਪ੍ਰਿਥੀਪਾਲ ਸੋਹੀ ਵੱਲੋਂ ਵਿਸਥਾਰ ਸਹਿਤ ਅੰਦੋਲਨ ਦੀ ਯੋਜਨਾ ਬੱਧ ਵਿਧੀ ਨੂੰ ਵੱਖ ਵੱਖ ਪਹਿਲੂਆਂ ਤੋਂ ਉਭਾਰਿਆ ਗਿਆ, ਉਨ੍ਹਾਂ ਦੱਸਿਆ ਕਿ ਕਿਸਾਨ ਆਗੂਆਂ ਦੀ ਸ਼ਾਂਤ ਮਈ, ਧਰਮ ਨਿਰਪੱਖ, ਸਿਆਸਤ ਤੋਂ ਹੱਟ ਕੇ ਨੀਤੀ ਕਾਰਨ ਹੀ ਇਹ ਜਿੱਤ ਮੁਮਕਿਨ ਹੋ ਸਕੀ ਹੈ। ਸਰੋਤਿਆਂ ਵੱਲੋਂ ਸਵਾਲ ਜਵਾਬ ਵੀ ਕੀਤੇ ਗਏ । ਕਵੀ ਦਰਬਾਰ ਵਿੱਚ ਲੇਖਕਾਂ ਵੱਲੋਂ ਅੰਦੋਲਨ ਦੀ ਜਿੱਤ ਬਾਰੇ ਕਵਿਤਾ ਅਤੇ ਵਿਚਾਰ ਪੇਸ਼ ਕੀਤੇ ਗਏ । ਪ੍ਰਿਤਪਾਲ ਗਿੱਲ (ਕਵਿਤਾ) , ਪਲਵਿੰਦਰ ਸਿੰਘ ਰੰਧਾਵਾ (ਵਿਚਾਰ), ਮੀਤ ਪ੍ਰਧਾਨ -ਸੁਰਜੀਤ ਸਿੰਘ ਮਾਧੋਪੁਰੀ (ਤਰੰਨਮ ਵਿੱਚ ਕਵਿਤਾ) ਖ਼ਜਾਨਚੀ - ਰੁਪਿੰਦਰ ਖਹਿਰਾ ਰੂਪੀ( ਤਰੰਨਮ ਵਿੱਚ ਰਚਨਾ) ਇੰਦਰਪਾਲ ਸਿੰਘ ਸੰਧੂ (ਵਿਚਾਰ), ਹਰਸ਼ਰਨ ਕੌਰ (ਕਵਿਤਾ), ਹਰਚੰਦ ਸਿੰਘ ਬਾਗੜੀ (ਕਵਿਤਾ), ਸੁਰਜੀਤ ਕਲਸੀ( ਵਿਚਾਰ),ਅਜਮੇਰ ਰੋਡੇ , ਹਰਦਮ ਸਿੰਘ ਮਾਨ, ਪਰਮਿੰਦਰ ਸਵੈਚ (ਵਿਚਾਰ), ਮਹਿਮਾਨ-ਕੁਲਮੀਤ ਸੰਘਾ,ਬਿੱਕਰ ਖੋਸਾ (ਗ਼ਜ਼ਲ ) ,ਪੰਜਾਬੀ ਲਿਖਾਰੀ ਸਭਾ ਸਿਆਟਲ ਤੋਂ ਬਲਿਹਾਰ ਸਿੰਘ ਲੇਹਲ (ਵਿਚਾਰ),ਅਮਰੀਕ ਪਲਾਹੀ(ਕਵਿਤਾ),ਨਰਿੰਦਰ ਬਾਈਆ( ਤਰੰਨਮ ਵਿੱਚ ਗ਼ਜ਼ਲ ),ਰਾਜਵੰਤ ਚਿਲਾਨਾ (ਵਿਚਾਰ ਪੇਸ਼ ਕੀਤੇ) ਅਤੇ ਦਵਿੰਦਰ ਬਚੜਾ, ਮੋਹਨ ਬਚੜਾ ਨੇ ਸ਼ਾਮਿਲ ਹੋ ਕੇ ਹਾਜ਼ਰੀ ਲਗਵਾਈ। ਅੰਤ ਵਿੱਚ ਪ੍ਰੋਗਰਾਮ ਨੂੰ ਸਮੇਟਦਿਆਂ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ ਅਤੇ ਸਫ਼ਲ ਬਣਾਉਣ ਲਈ ਸਭ ਦੀ ਸ਼ਲਾਘਾ ਕੀਤੀ ਗਈ।

# ਕੈਲਗਰੀ ਪੁਲਿਸ ਵੱਲੋਂ 13 ਮਿਲੀਅਨ ਦੇ ਨਸ਼ੇ ਬਰਾਮਦ

ਕੈਲਗਰੀ (ਕਮਲਜੀਤ ਬੁੱਟਰ)-ਨਸ਼ੀਲੇ ਪਦਾਰਥ ਸਾਇਲੋਸਾਇਬਿਨ ਅਤੇ ਭੰਗ ਤੋਂ ਬਣੇ ਪਦਾਰਥਾਂ ਦੀ ਗ਼ੈਰ-ਕਾਨੂੰਨੀ ਔਨਲਾਇਨ ਵਿਕਰੀ ਕੀਤੇ ਜਾਣ ਦੇ ਮਾਮਲੇ ਦੀ ਅੱਠ ਮਹੀਨੇ ਲੰਬੀ ਚੱਲੀ ਜਾਂਚ ਮਗਰੋਂ ਕੈਲਗਰੀ ਪੁਲਿਸ ਨੇ 13 ਮਿਲੀਅਨ ਡੌਲਰਜ਼ ਕੀਮਤ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਪੁਲਿਸ ਵੱਲੋਂ ਜਾਰੀ ਸੂਚਨਾ ਵਿੱਚ ਦੱਸਿਆ ਗਿਆ ਹੈ ਕਿ ਅਪ੍ਰੈਲ ਵਿੱਚ ਇਸ ਧੰਦੇ ਦੀ ਸੂਚਨਾ ਉਹਨਾਂ ਨੂੰ ਮਿਲੀ ਸੀ। ਜਿਸ ਵੈਬਸਾਇਟ ਤੋਂ ਇਹ ਕੂੜ-ਕੰਮ ਕੀਤਾ ਜਾ ਰਿਹਾ ਸੀ, ਉਸ ਦਾ ਪਤਾ ਕੈਲਗਰੀ ਦੇ ਇਕ ਘਰ ਦਾ ਦਰਸਾਇਆ ਜਾ ਰਿਹਾ ਸੀ। ਜਨਵਰੀ 2021 ਤੋਂ ਲੈ ਕੇ ਇਹਨਾਂ ਵਿਅਕਤੀਆਂ ਨੇ 11 ਮਿਲੀਅਨ ਡੌਲਰਜ਼ ਦੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਕਰ ਲਈ ਸੀ। 7 ਅਤੇ 8 ਦਸੰਬਰ ਨੂੰ ਛਾਪਾਮਾਰੀ ਕੀਤੀ ਗਈ ਤੇ 13 ਮਿਲੀਅਨ ਡੌਲਰਜ਼ ਕੀਮਤ ਦੇ ਭੰਗ ਤੋਂ ਬਣੇ ਪਦਾਰਥ, 2636 ਕਿਲੋਗ੍ਰਾਮ ਸੁੱਕੀ ਭੰਗ ਅਤੇ ਪੌਦੇ, 7 ਕਿਲੋਗ੍ਰਾਮ ਤੋਂ ਜ਼ਿਆਦਾ ਭੰਗ ਦਾ ਤੇਲ, 85 ਹਜ਼ਾਰ ਡੌਲਰਜ਼ ਕੀਮਤ ਦੀ ਮਸ਼ਰੂਮ ਕਿਸਮ ਦਾ ਨਸ਼ੀਲਾ ਪਦਾਰਥ, ਇਸ ਦੀਆਂ ਗੰਮੀਜ਼ ਅਤੇ ਪਾਊਡਰ, 63 ਹਜ਼ਾਰ ਡੌਲਰਜ਼ ਨਕਦੀ, 4 ਰਾਇਫ਼ਲਾਂ ਤੇ ਕਾਰਤੂਸ ਅਤੇ ਫੋਰਡ ਐਫ਼ 350 ਕਿਸਮ ਦਾ ਟ੍ਰਕ ਬਰਾਮਦ ਹੋਏ ਦੱਸੇ ਗਏ ਹਨ।

# ਫਲੇਅਰ ਏਅਰਲਾਇਨ ਕੋਲ 2025 ਤੱਕ ਹੋਣਗੇ 50 ਜਹਾਜ਼

ਕੈਲਗਰੀ (ਕਮਲਜੀਤ ਬੁੱਟਰ)-ਐਡਮਿੰਟਨ ਬੇਸਡ ਏਅਰਲਾਇਨ ਫ਼ਲੇਅਰ ਏਅਰਲਾਇਨਜ਼ ਨੇ ਐਲਾਨ ਕੀਤਾ ਹੈ ਕਿ ਉਹਨਾਂ ਵੱਲੋਂ ਸਾਲ 2023 ਤੱਕ 30 ਨਵੇਂ ਜਹਾਜ਼ ਖ਼ਰੀਦ ਲੈਣਗੇ ਅਤੇ ਸਾਲ 2025 ਤੱਕ ਉਹਨਾਂ ਕੋਲ 50 ਜਹਾਜ਼ਾਂ ਦਾ ਕਾਫ਼ਲਾ ਹੋ ਜਾਵੇਗਾ। ਮੌਜੂਦਾ ਸਮੇਂ ਅਲਟ੍ਰਾ-ਕੌਂਸਟ ਏਅਰਲਾਇਨ ਕੋਲ 12 ਜਹਾਜ਼ ਹਨ ਤੇ ਨਵੇਂ 20 ਜਹਾਜ਼ ਅਗਲੀਆਂ ਗ਼ਰਮੀਆਂ ਤੱਕ ਸੇਵਾਵਾਂ ਦੇਣੀਆਂ ਸ਼ੁਰੂ ਕਰ ਦੇਣਗੇ। ਏਅਰਲਾਇਨ ਦਾ ਕਹਿਣਾ ਹੈ ਕਿ ਉਹਨਾਂ ਵੱਲੋਂ ਬੋਇੰਗ 737 ਮੈਕਸ-8 ਕਿਸਮ ਦੇ 14 ਨਵੇਂ ਜਹਾਜ਼ ਲੀਜ਼ 'ਤੇ ਲਏ ਜਾ ਰਹੇ ਹਨ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S&S
Jewellers Ltd.

Authorized Dealer
20% OFF SEIKO, PULSAR
ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ

• ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
• ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
• ਵਧੀਆ ਤਨਖਾਹ ਦਿੱਤੀ ਜਾਵੇਗੀ।
• ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
• ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।
ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

## ਕਿਸਾਨ ਅੰਦੋਲਨ ਦੀ ਜਿੱਤ ਦੇ ਰੂਬਰੂ...

# ਸਰਬੱਤ ਦਾ ਭਲਾ ਮੰਗਦਿਆਂ ਗੁਰੂ ਅੰਗ-ਸੰਗ ਹੈ ਤੇ ਫਤਹਿ ਵੀ ਨਸੀਬ ਹੈ...

### ਸੁਖਵਿੰਦਰ ਸਿੰਘ ਚੋਹਲਾ

ਆਖਰ ਕਿਸਾਨ ਅੰਦੋਲਨ ਦੀ ਸੋਚ, ਜਜ਼ਬੇ ਤੇ ਸਮਰਪਣ ਅੱਗੇ ਸੱਤਾ ਤੇ ਤਾਕਤ ਦਾ ਬਿੰਬ ਬਣੀ ਰਾਜਧਾਨੀ ਦਿੱਲੀ ਨੂੰ ਝੁਕਣ ਲਈ ਮਜ਼ਬੂਰ ਹੋਣਾ ਹੀ ਪਿਆ। ਦਿੱਲੀ ਦੀਆਂ ਬਰੂਹਾਂ ਉਪਰ ਡੇਰੇ ਲਗਾਉਣ ਸਮੇਂ ਕਿਸਾਨ ਆਗੂਆਂ ਦੀ ਪਹਿਲੀ ਤੇ ਮੁਢਲੀ ਮੰਗ ਕਿ ਤਿੰਨ ਕਾਲੇ ਕਨੂੰਨਾਂ ਨੂੰ ਮੁਲੋਂ ਰੱਦ ਕਰਵਾਏ ਬਿਨਾਂ ਵਾਪਿਸੀ ਨਹੀ, ਨੂੰ ਸੁਣਦਿਆਂ ਕੋਈ ਵੀ ਇਹ ਮੰਨਣ ਲਈ ਤਿਆਰ ਨਹੀ ਸੀ ਕਿ ਹਕੂਮਤਾਂ ਨਾਲ ਇੰਜ ਮੱਥਾ ਲਗਾਉਣਾ ਤੇ ਹਿੰਡ ਪੁਗਾਉਣਾ ਸੰਭਵ ਨਹੀ। ਮਸਲੇ ਦਾ ਹੱਲ ਕੁਝ ਦੇ -ਲੈਕੇ ਹੀ ਮੁਮਕਿਨ ਹੁੰਦਾ ਹੈ। ਤੇ ਦੂਸਰੇ ਪਾਸੇ ਸੱਤਾ ਦੀ ਉਹ ਧਿਰ ਜੋ ਆਪਣੇ ਆਗੂ ਨੂੰ 'ਮੋਦੀ ਹੈ ਤਾਂ ਮੁਮਕਿਨ ਹੈ' ਨਾਲ ਵਡਿਆਉਂਦੀ ਨਹੀ ਥੱਕਦੀ, ਉਸਦੀ 'ਮੁਮਕਿਨ' ਤੇ ਕਿਸਾਨ ਅੰਦੋਲਨ ਦੀ 'ਮੁਮਕਿਨ' ਵਿਚਾਲੇ ਫੈਸਲਾ ਸਹਿਜਤਾ ਨਾਲ ਸੰਭਵ ਕਿਵੇ ? ਮੋਦੀ ਸਰਕਾਰ ਨੇ ਤਿੰਨ ਖੇਤੀ ਕਨੂੰਨਾਂ ਨੂੰ ਲਿਆਉਣ ਵਿਚ ਜਿਵੇ ਦਾ ਤਾਨਾਸ਼ਾਹ ਢੰਗ ਤਰੀਕਾ ਅਪਣਾਇਆ, ਇਹਨਾਂ ਨੂੰ ਵਾਪਿਸ ਲੈਣ ਦਾ ਤਰੀਕਾ ਵੀ ਉਹੀ ਰਿਹਾ। ਸ਼ਾਇਦ ਅਜਿਹਾ ਕਰਦਿਆਂ ਪ੍ਰਧਾਨ ਮੰਤਰੀ ਨੇ ਲੁਕਵੇ ਰੂਪ ਵਿਚ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਕਿ ਰਾਜ ਕਰ ਰਹੀ ਪਾਰਟੀ ਭਾਜਪਾ ਅਤੇ ਦੇਸ਼ ਵਿਚ ਉਹੀ ਇਕ ਅਜਿਹਾ ਮਜ਼ਬੂਤ ਆਗੂ ਹੈ, ਜੋ ਆਪਣੀ ਇੱਛਾ ਮੁਤਾਬਿਕ ਕੁਝ ਵੀ ਕਰ ਸਕਦਾ ਹੈ। ਖੇਤੀ ਕਨੂੰਨ ਲਿਆਉਣ ਸਮੇ ਨਾ ਕੋਈ ਸਲਾਹ ਨਾ ਮਸ਼ਵਰਾ ਤੇ ਰੱਦ ਕਰਨ ਸਮੇਂ ਵੀ। ਸਿਰਫ ਹਾਕਮੀ ਫੁਰਮਾਨ। ਇਹ ਵੱਖਰੀ ਗੱਲ ਹੈ ਕਿ ਇਹਨਾਂ ਹਾਕਮੀ ਫੁਰਮਾਨਾਂ ਦਾ ਸਵਾਗਤ ਤੇ ਸ਼ੁਕਰੀਆ ਕਰਨ ਵਾਲੀ ਉਸਦੀ ਆਪਣੀ ਧਿਰ ਹੀ ਸ਼ਰਮਿੰਦਗੀ ਦੇ ਆਲਮ ਵਿਚ ਹੈ ਜਦੋਂਕਿ ਸੰਘਰਸ਼ੀ ਧਿਰ ਤੇ ਉਸਦੇ ਸਮਰਥਕਾਂ ਵਿਚਾਲੇ ਇਸ ਜਿੱਤ ਲਈ ਇਕ ਆਸਥਾ ਪ੍ਰਤੀ ਮਜ਼ਬੂਤੀ ਦਾ ਸਬੱਬ ਹੈ।

ਰਾਜਧਾਨੀ ਦਿੱਲੀ ਦੀਆਂ ਹੱਦਾਂ ਉਪਰ ਸਾਲ ਤੋ ਉਪਰ ਦਾ ਸਮਾਂ ਸਰਦੀ, ਗਰਮੀ, ਬਰਸਾਤਾਂ, ਮੌਸਮੀ ਸਮੱਸਿਆਵਾਂ ਦੇ ਨਾਲ ਹਾਕਮੀ ਕੁਚਾਲਾਂ, ਜਬਰ ਤੇ ਭਗਵਾਂ ਪਾਰਟੀ ਦੀ ਨਫਰਤ ਦਾ ਸਾਹਮਣਾ ਕਰਨ ਵਾਲੇ ਸੰਘਰਸ਼ੀ ਲੋਕਾਂ ਨੂੰ ਇਸ ਜਿੱਤ ਪ੍ਰਾਪਤੀ ਲਈ ਅਣਗਿਣਤ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ ਹੈ ਪਰ ਇਸਦੇ ਨਾਲ ਉਹਨਾਂ ਨੇ ਆਜ਼ਾਦ ਭਾਰਤ ਦੇ ਲੋਕਾਂ ਨੂੰ ਉਮੀਦ ਦੀ ਇਕ ਨਵੀਂ ਰਾਹ ਵੀ ਵਿਖਾਈ ਹੈ। ਇਸ ਉਮੀਦ ਦੇ ਨਾਲ ਉਹਨਾਂ ਨੇ ਜੋ ਆਪਸੀ ਏਕਤਾ, ਭਾਈਚਾਰਕ ਸਾਂਝ, ਇਨਸਾਨੀ ਮੁਹੱਬਤ ਤੇ ਪ੍ਰਾਂਤਕ ਵਖਰੇਵਿਆਂ ਤੋ ਉਪਰ ਪਹਿਲਾਂ ਇਕ ਭਾਰਤੀ ਹੋਣ ਦਾ ਜੋ ਸੰਦੇਸ਼ ਦਿੱਤਾ ਹੈ, ਉਹ ਸਮੇਂ ਦੇ ਹਾਕਮਾਂ ਅਤੇ ਲੋਕਾਂ ਦੀਆਂ ਵੋਟਾਂ ਰਾਹੀ ਸੱਤਾ ਦੀ ਕੁਰਸੀ ਉਪਰ ਪੁੱਜਣ ਵਾਲੇ ਸਿਆਸਤਦਾਨਾਂ ਲਈ ਇਕ ਸਬਕ ਵੀ ਹੈ। ਇਹ ਸਬਕ ਹੈ ਕਿ ਜਦੋ ਲੋਕ ਇਕਮੁੱਠ ਹੁੰਦੇ ਹਨ ਤਾਂ ਉਹਨਾਂ ਨੂੰ ਧਰਮ, ਫਿਰਕੇ, ਜਾਤ ਜਾ ਖੇਤਰ ਵਿਚ ਵੰਡਣਾ ਮੁਸ਼ਕਲ ਹੈ। ਜਦੋ ਲੋਕ ਆਪਣੇ ਹੱਕਾਂ ਲਈ ਖੜਦੇ ਤਾਂ ਲੋਕ ਸ਼ਕਤੀ ਅੱਗੇ ਹਾਕਮਾਂ ਨੂੰ ਆਪਣੇ ਨਿਰੰਕੁਸ਼ ਫੈਸਲੇ ਬਦਲਣ ਲਈ ਮਜਬੂਰ ਹੋਣਾ ਹੀ ਪੈਂਦਾ ਹੈ। ਕਿਸਾਨ ਆਗੂਆਂ ਨੇ ਸਰਕਾਰ ਦੀ ਨੀਅਤ ਨੂੰ ਭਾਂਪਦਿਆਂ ਅੰਦੋਲਨ ਨੂੰ ਲਗਪਗ ਇਕ ਮਹੀਨੇ ਵਾਸਤੇ ਮੁਲਤਵੀ ਕਰਨ ਦਾ ਐਲਾਨ ਕੀਤਾ ਹੈ। ਤਿੰਨ ਖੇਤੀ ਕਨੂੰਨਾਂ ਨੂੰ ਰੱਦ ਕਰਨ ਦੀ ਮੰਗ ਤੋ ਇਲਾਵਾ ਉਹਨਾਂ ਦੀਆਂ ਬਾਕੀ ਅਹਿਮ ਮੰਗਾਂ ਵਿਚ ਐਮ ਐਸ ਪੀ ਗਾਰੰਟੀ ਕਨੂੰਨ, ਪ੍ਰਦੂਸ਼ਣ ਅਤੇ ਬਿਜਲੀ ਕਨੂੰਨਾਂ ਵਿਚ ਸੋਧ, ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਣ ਵਾਲੇ 700 ਦੇ ਲਗਪਗ ਕਿਸਾਨਾਂ ਦੇ ਪਰਿਵਾਰਾਂ ਲਈ ਉਚਿਤ ਮੁਆਵਜ਼ਾ ਅਤੇ ਲਖੀਮਪੁਰ ਖੀਰੀ ਘਟਨਾ ਲਈ ਦੋਸ਼ੀ ਮੰਤਰੀ ਅਤੇ ਉਸਦੇ ਪੁੱਤਰ ਨੂੰ ਸਜ਼ਾ ਦੇ ਅੰਜ਼ਾਮ ਤੱਕ ਪਹੁੰਚਾਉਣ ਦੀਆਂ ਮੰਗਾਂ ਦੀ ਪੂਰਤੀ ਅਜੇ ਬਾਕੀ ਹੈ। ਇਹਨਾਂ ਮੰਗਾਂ ਦੀ ਪੂਰਤੀ ਲਈ ਸਰਕਾਰ ਦੇ ਵਾਅਦੇ ਨੂੰ ਪਰਖਿਆ



ਜਾਣਾ ਬਾਕੀ ਹੈ। ਇਸੇ ਲਈ ਕਿਸਾਨ ਆਗੂਆਂ ਨੇ ਕਿਹਾ ਹੈ ਕਿ ਉਹ 15 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਕਰਕੇ ਜਾਇਜਾ ਲੈਣਗੇ ਕਿ ਸਰਕਾਰ ਇਹਨਾਂ ਮੰਗਾਂ ਦੀ ਪੂਰਤੀ ਲਈ ਕਿੰਨੀ ਕੁ ਸੁਹਿਰਦ ਹੈ। ਅਗਰ ਉਹਨਾਂ ਨੂੰ ਕਿਸੇ ਮੁੱਦੇ ਉਪਰ ਸਰਕਾਰ ਦੀ ਬੇਈਮਾਨੀ ਦੀ ਝਲਕ ਦਿਖਾਈ ਦਿੱਤੀ ਤਾਂ ਉਹ ਮੁੜ ਸੰਘਰਸ਼ ਦਾ ਬਿਗਲ ਵਜਾ ਦੇਣਗੇ। ਕਿਸਾਨ ਆਗੂਆਂ ਵਲੋ ਅੰਦੋਲਨ ਨੂੰ ਮੁਲਤਵੀ ਕੀਤੇ ਜਾਣ ਦੇ ਫੈਸਲੇ ਨੂੰ ਕੋਈ ਕਿਵੇ ਵੀ ਲਵੇ ਪਰ ਤਸੱਲੀ ਵਾਲੀ ਗੱਲ ਇਹ ਹੈ ਕਿ ਕਿਸਾਨ ਮੋਰਚਾ ਆਪਣੇ ਨਿਸ਼ਾਨੇ ਦੀ ਪੂਰਤੀ ਪ੍ਰਤੀ ਇਕਮੱਤ ਤੇ ਇਕਜੁਟ ਹੈ। ਕਿਸਾਨ ਮੋਰਚੇ ਦੀ ਇਹ ਇਕਜੁੱਟਤਾ ਸਰਕਾਰੀ ਤੇ ਸਿਆਸੀ ਹਥਕੰਡਿਆਂ ਨੂੰ ਸਮਝਣ ਤੇ ਮਾਤ ਦੇਣ ਲਈ ਕਾਫੀ ਹੈ। ਕੁਝ ਲੋਕਾਂ ਦਾ ਮੱਤ ਹੈ ਕਿ ਮੋਦੀ ਸਰਕਾਰ ਨੇ ਯੂਪੀ ਤੇ ਪੰਜਾਬ ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਕਿਸਾਨ ਮੰਗਾਂ ਮੰਨਣ ਦਾ ਇਕਤਰਫਾ ਐਲਾਨ ਕੀਤਾ ਹੈ। ਸਿਆਸੀ ਨਜ਼ਰੀਏ ਤੋ ਇਹ ਸੱਚ ਵੀ ਹੈ ਪਰ ਇਕ ਸੱਚ ਇਹ ਵੀ ਹੈ ਕਿ ਕਿਸਾਨ ਅੰਦੋਲਨ ਦੌਰਾਨ ਪ੍ਰਾਂਤਕ ਪੱਧਰ ਤੋ ਅੱਗੇ ਕਿਸਾਨ ਭਾਈਚਾਰੇ ਵਿਚਾਲੇ ਬਣੀ ਏਕਤਾ ਅਤੇ ਆਮ ਲੋਕਾਂ ਵਿਚ ਉਹਨਾਂ ਲਈ ਸਮਰਥਨ ਤੇ ਹਮਦਰਦੀ ਦੀ ਭਾਵਨਾ ਨੇ ਭਾਜਪਾ ਕਾਡਰ ਨੂੰ ਧੁਰ ਅੰਦਰ ਤੱਕ ਹਿਲਾ ਛੱਡਿਆ ਹੈ। ਕਿਸਾਨ ਏਕਤਾ ਕਾਰਣ ਉਸਦਾ ਅਜੁਧਿਆ ਵਿਚ ਰਾਮ ਮੰਦਿਰ ਦੀ ਉਸਾਰੀ ਅਤੇ ਹਿੰਦੂਤਵੀ ਪੱਤਾ ਬਦਰੰਗ ਹੁੰਦਾ ਦਿਖਾਈ ਦੇ ਰਿਹਾ ਹੈ। ਇਸਤੋ ਪਹਿਲਾਂ ਕਿ ਹੋਰ ਦੇਰ ਹੋ ਜਾਂਦੀ ਪ੍ਰਧਾਨ ਮੰਤਰੀ ਨੇ ਆਪਣੀ ਜਾਨ ਤੋ ਪਿਆਰੀ ਪਾਰਟੀ ਨੂੰ ਬਚਾਉਣ ਲਈ ਕਿਸਾਨ ਅੰਦੋਲਨ ਨੂੰ ਜਲਦ ਤੋ ਜਲਦ ਖਤਮ ਕਰਵਾਉਣ ਵਿਚ ਹੀ ਸ਼ਾਇਦ ਭਲਾਈ ਮੰਨੀ ਹੈ। ਸ਼ਾਇਦ ਇਸੇ ਨੂੰ ਧਿਆਨ ਵਿਚ ਰੱਖਦਿਆਂ ਭਾਜਪਾ ਨੇ ਦੂਸਰੀਆਂ ਪਾਰਟੀਆਂ ਦੇ ਆਗੂਆਂ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰਨ ਦੀ ਕਵਾਇਦ ਸ਼ੁਰੂ ਕਰਦਿਆਂ ਇਹ ਸੁਨੇਹਾ ਦੇਣ ਦਾ ਯਤਨ ਕੀਤਾ ਕਿ ਪਾਰਟੀ ਵਿਚ ਪੂਰਾ ਦਮ ਖਮ ਹੈ। ਵਿਰੋਧੀ ਉਸਨੂੰ ਹਾਸ਼ੀਏ ਤੋ ਬਾਹਰ ਮੱਤ ਸਮਝਣ, ਉਹ ਆਪਣੀ ਖੇਡ ਖੇਡਣ ਦੇ ਅੱਜ ਵੀ ਸਮਰੱਥ ਹੈ। ਜੋ ਇਹ ਡਰ ਸੀ ਕਿ ਚੋਣਾਂ ਦੌਰਾਨ ਕਿਸਾਨ ਜਥੇਬੰਦੀਆਂ ਉਹਨਾਂ ਦਾ ਜਨਤਕ ਵਿਰੋਧ ਕਰਦਿਆਂ ਉਹਨਾਂ ਦੀ ਚੋਣ ਮੁਹਿੰਮ ਨੂੰ ਜਾਮ ਕਰ ਸਕਦੀਆਂ ਹਨ, ਹੁਣ ਉਹ ਖੌਫ ਨਹੀ ਰਿਹਾ ਤੇ ਮੋਦੀ ਸਰਕਾਰ ਕੋਈ ਵੱਡਾ ਕਿਸਾਨ ਪੈਕੇਜ ਐਲਾਨ ਕਰਦੀ ਹੋਈ, ਕਿਸਾਨ ਹਿੱਤੂ ਹੋਣ ਦਾ ਨਾਅਰਾ ਦੇ ਸਕਦੀ ਹੈ। ਦੂਸਰੀਆਂ ਪਾਰਟੀਆਂ ਦੇ ਆਗੂਆਂ ਨੂੰ ਭਾਜਪਾ ਵਿਚ ਸ਼ਾਮਿਲ ਕਰਨ ਦੇ ਨਾਲ ਕਿਸੇ ਕਿਸਾਨ ਮੋਰਚੇ ਦੇ ਆਗੂ ਨੂੰ ਜੋੜਨ ਤੇ ਤੋੜਨ ਦੀ ਖੇਡ ਦਾ ਅਚੰਭਾ ਵੀ ਵਾਪਰ ਸਕਦੈ ? ਇਸ ਮੁੱਦੇ ਉਪਰ ਸੰਯੁਕਤ ਕਿਸਾਨ ਮੋਰਚੇ ਦੀ ਸਪੱਸ਼ਟ ਪਹੁੰਚ ਤਸੱਲੀ ਵਾਲੀ ਹੈ। ਸੰਯੁਕਤ ਕਿਸਾਨ ਮੋਰਚੇ ਦਾ ਸਿਆਸਤ ਤੋ ਨਿਰਲੇਪ ਰਹਿੰਦਿਆਂ ਇਕ ਕੌਮੀ ਮੋਰਚੇ ਵਜੋ ਉਭਾਰ, ਦੇਸ਼ ਦੀ ਆਪਹੁਦਰੀ ਰਾਜਨੀਤਕ ਲਗਾਮ ਨੂੰ ਹੱਥ ਪਾਉਣ ਵਾਲਾ ਬਣ ਸਕਦਾ ਹੈ। ਜੋ ਲੋਕ ਕਿਸਾਨ ਮੋਰਚੇ ਦੇ ਆਗੂਆਂ ਨੂੰ ਸਿਆਸਤ ਵਿਚ ਕੁੱਦਣ ਅਤੇ ਚੋਣਾਂ ਲੜਨ ਦਾ ਸੁਝਾਅ ਦਿੰਦਿਆਂ ਇਸੇ ਨੂੰ ਵੱਡੀ ਪ੍ਰਾਪਤੀ ਦਾ ਲਕਸ਼ ਦੱਸਦੇ ਹਨ, ਉਹ ਸ਼ਾਇਦ ਇਸ ਗੱਲ ਭੁੱਲਦੇ ਹਨ ਕਿ ਭਾਰਤੀ ਸਿਆਸਤ ਅਤੇ ਸ਼ਾਸਨ ਦਾ ਤਾਣਾਬਾਣਾ ਹੀ ਅਜਿਹਾ ਹੈ ਜਿਸ ਵਿਚ ਪ੍ਰਵੇਸ਼ ਕਰਦਿਆਂ ਹੀ ਲੋਕਹਿੱਤ ਤੋ ਪਹਿਲਾਂ ਪਾਰਟੀ ਜਾਂ ਆਗੂ ਹਿੱਤ ਹੀ ਪਹਿਲੀ ਤਰਜੀਹ ਬਣ ਜਾਂਦੇ ਹਨ। ਭ੍ਰਿਸ਼ਟ ਤੰਤਰ ਚੰਗੇ ਭਲੇ ਆਗੂ ਨੂੰ ਵੀ ਆਪਣੇ ਰੰਗ ਵਿਚ ਰੰਗ ਲੈਂਦਾ ਹੈ।

ਯਾਦ ਰੱਖਣ ਯੋਗ ਹੈ ਕਿ ਕਿਸਾਨ ਅੰਦੋਲਨ ਦੀ ਜਿੱਤ ਕਿਸੇ ਇਕ ਧਿਰ ਜਾਂ ਵਿਚਾਰਧਾਰਾ ਦੀ ਜਿੱਤ ਨਹੀ ਬਲਕਿ ਵੱਖ- ਵੱਖ ਵਿਚਾਰਧਾਰਾ ਵਾਲੇ ਲੋਕਾਂ ਵਿਚਾਲੇ ਇਕ ਨਿਸ਼ਾਨੇ ਦੀ ਪੂਰਤੀ ਲਈ ਉਪਜੀ ਸਾਂਝੀ ਸਮਝ ਤੇ ਸੋਚ ਦੀ ਜਿੱਤ ਹੈ ਜਿਸਨੂੰ "ਸਰਬੱਤ ਦੇ ਭਲੇ" ਦੇ ਸਿਧਾਂਤ ਵਿਚੋ ਸਹਿਜੇ ਖੋਜਿਆ ਜਾ ਸਕਦਾ ਹੈ। ਦਿੱਲੀ ਦੀਆਂ ਹੱਦਾਂ ਤੋ ਵਾਪਿਸੀ ਵੇਲੇ ਮੁਹੱਬਤਾਂ ਦੇ ਦਰਿਆ ਐਵੇ ਨਹੀ ਵਹਿ ਤੁਰੇ। ਹਰਿਆਣਵੀ ਤਾਊਆਂ ਤੇ ਮਾਝੇ ਦੇ ਭਾਊਆਂ ਦੀਆਂ ਜੱਫੀਆਂ ਦਾ ਜ਼ਿਕਰ ਅਖਬਾਰਾਂ ਦੀਆਂ ਸੁਰਖੀਆਂ ਚ ਅਕਾਰਣ ਨਹੀ ਬਣਿਆ । ਮਜਦੂਰਾਂ ਦੇ ਬੱਚਿਆਂ ਲਈ ਦੁਲਾਰ ਤੇ ਦਿੱਲੀ ਦੀਆਂ ਧੀਆਂ ਦੇ ਸਿਰਾਂ ਤੇ ਪਿਆਰ, ਅੱਖਾਂ ਚ ਹੰਝੂਆਂ ਦੀ ਬਰਸਾਤ ਰੁਕਣ ਦਾ ਨਾਮ ਨਹੀ ਲੈ ਰਹੀ। ਕਿਸਾਨ ਅੰਦੋਲਨ ਦੌਰਾਨ ਜਿਸ 'ਖਾਲਸੇ' ਦੀ ਜਿੱਤ ਦਾ ਸਿਹਰਾ ਕੁਝ ਲੋਕ ਆਪਣੀਆਂ ਧਾਰਮਿਕ ਤੇ ਜ਼ਾਤੀ ਲਾਲਸਾਵਾਂ ਦੀ ਪੂਰਤੀ ਵਾਸਤੇ ਪ੍ਰਚਾਰਨ ਲਈ ਯਤਨਸ਼ੀਲ ਹਨ, ਉਹਨਾਂ ਲਈ ਵੀ ਇਹ ਇਕ ਵੱਡਾ ਸਬਕ ਹੈ । ਕਿਸਾਨ ਅੰਦੋਲਨ ਦੀ ਜਿੱਤ ਲਈ ਪੰਜਾਬ ਅਤੇ ਸਿੱਖ ਜ਼ਜਬਾ ਇਕ ਪ੍ਰੇਰਨਾ ਤਾਂ ਹੈ ਪਰ ਇਸ ਜਿੱਤ ਵਿਚ ਸ਼ਾਮਿਲ ਧਿਰਾਂ ਲਈ ਪ੍ਰਾਂਤਕ ਹੱਦਾਂ ਤੇ ਨਿੱਜ ਤੋ ਪਾਰ "ਸਰਬੱਤ ਦੇ ਭਲੇ" ਦਾ ਸਿਧਾਂਤ ਹੀ ਮੁੱਖ ਲਿਖਾਇਕ ਹੈ।

ਸਰਬੱਤ ਦਾ ਭਲਾ ਮੰਗਦਿਆਂ ਗੁਰੂ ਅੰਗ- ਸੰਗ ਹੈ ਤੇ ਫਤਹਿ ਵੀ ਨਸੀਬ ਹੈ....

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ
YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661

## ਫੈਡਰਲ ਡਿਜੀਟਲ ਸਰਵਿਸਜ਼ ਟੈਕਸ ਕਾਨੂੰਨ ਅਮਰੀਕਾ ਨਾਲ ਸਬੰਧਾਂ ਵਿਚਾਲੇ ਤਣਾਅ ਹੋਰ ਵਧਾਏਗਾ-ਮਾਹਿਰਾਂ ਵਲੋਂ ਚਿੰਤਾ

ਓਟਵਾ-ਫੈਡਰਲ ਸਰਕਾਰ ਆਪਣਾ ਡਿਜੀਟਲ ਸੇਵਾਵਾਂ ਟੈਕਸ ਦੇ ਕਾਨੂੰਨੀ ਪ੍ਰਸਤਾਵ ਲੈ ਕੇ ਆਈ ਹੈ ਅਤੇ ਇਸ ਕਦਮ ਨੂੰ ਲੈ ਕੇ ਕੁਝ ਆਲੋਚਕਾਂ ਦਾ ਕਹਿਣਾ ਕਿ ਇਹ ਉਸ ਸਮੇਂ ਪੇਸ਼ ਕੀਤਾ ਗਿਆ ਹੈ ਕਿ ਜਦੋਂ ਕੈਨੇਡਾ-ਅਮਰੀਕਾ ਸਬੰਧਾਂ ਵਿਚ ਖ਼ਤਰੇ ਵਾਲਾ ਸਮਾਂ ਹੈ। ਕੈਨੇਡੀਅਨ ਚੈਂਬਰਸ ਆਫ ਕਾਮਰਸ ਵਿਖੇ ਨੀਤੀ ਤੇ ਸਰਕਾਰੀ ਸਬੰਧਾਂ ਬਾਰੇ ਸੀਨੀਅਰ ਉਪ ਪ੍ਰਧਾਨ ਮਾਰਕ ਐਗਨਿਊ ਨੇ ਕਿਹਾ ਕਿ ਅਮਰੀਕਾ ਨਾਲ ਵੱਖ ਵੱਖ ਵਪਾਰ ਮੁੱਦਿਆਂ ਨੂੰ ਲੈ ਕੇ ਜੋ ਕੁਝ ਹੁਣ ਚਲ ਰਿਹਾ ਹੈ ਉਸ ਨੂੰ ਦੇਖਦੇ ਹੋਏ ਇਹ ਤਜਵੀਜ਼ ਅਮਰੀਕੀਆਂ ਦੇ ਅੱਖਾਂ ਵਿਚ ਰੜਕੇਗੀ। ਬੁੱਧਵਾਰ ਅਮਰੀਕੀ ਟਰੇਡ ਰੀਪ੍ਰੇਜ਼ੈਂਟੇਟਿਵ ਦੇ ਦਫ਼ਤਰ ਨੇ ਇਕ ਬਿਆਨ ਵਿਚ ਕਿਹਾ ਕਿ ਜੇਕਰ ਕੈਨੇਡਾ ਟੈਕਸ ਲਗਾਉਂਦਾ ਹੈ ਤਾਂ ਯੂਐਸਟੀਆਰ ਆਪਣੇ ਵਪਾਰਕ ਸਮਝੌਤਿਆਂ ਅਤੇ ਘਰੇਲੂ ਕਾਨੂੰਨਾਂ ਸਮੇਤ ਸਾਰੇ ਵਿਕਲਪਾਂ ਦੀ ਘੋਖ ਕਰੇਗਾ। ਸਰਕਾਰ ਨੇ ਮੰਗਲਵਾਰ ਨੋਟਿਸ ਦਿੱਤਾ ਕਿ ਉਹ ਡੀਐਸਟੀ ਲਾਗੂ ਕਰਨ ਲਈ ਬਿੱਲ ਪੇਸ਼ ਕਰੇਗੀ। ਇਸ ਵਿਚ ਪ੍ਰਸਤਾਵਤ ਟੈਕਸ ਦੇ ਕਾਨੂੰਨੀ ਵੇਰਵੇ ਹਨ ਜਿਹੜਾ ਐਮਾਜ਼ੋਨ, ਫੇਸਬੁੱਕ, ਗੂਗਲ ਵਰਗੇ ਵੈੱਬ ਦਿਗਜ ਤੇ ਉਬੇਰ ਅਤੇ ਏਅਰਬੀਐਨਬੀ ਵਰਗੀਆਂ ਕੰਪਨੀਆਂ 'ਤੇ ਲਾਗੂ ਕਰਨ ਲਈ ਲਿਆਂਦਾ ਜਾ ਰਿਹਾ ਹੈ। ਇਹ ਟੈਕਸ ਵਿਸ਼ਵ ਪੱਧਰ 'ਤੇ ਲਗਪਗ 1 ਅਰਬ ਡਾਲਰ ਰੈਵੀਨਿਊ ਕਮਾਉਣ ਵਾਲੀਆਂ ਕੰਪਨੀਆਂ 'ਤੇ ਲਾਗੂ ਹੋਵੇਗਾ ਅਤੇ ਜਿਹੜੀਆਂ ਕੈਨੇਡਾ ਵਿਚ ਆਨਲਾਈਨ ਮਾਰਕੀਟਪਲੇਸਸ, ਆਨਲਾਈਨ ਇਸ਼ਤਿਹਾਰਬਾਜ਼ੀ, ਸੋਸ਼ਲ ਮੀਡੀਆ ਜਾਂ ਯੂਜ਼ਰ ਡਾਟਾ ਤੋਂ 20 ਮਿਲੀਅਨ ਡਾਲਰ ਤੋਂ ਜ਼ਿਆਦਾ ਦੀ ਕਮਾਈ ਕਰਦੀਆਂ ਹਨ।

## ਬੀ ਸੀ ਸਰਕਾਰ ਵਲੋਂ ਫੈਡਰਲ ਸਰਕਾਰ ਦੀ 5 ਅਰਬ ਡਾਲਰ ਦੀ ਹੜ੍ਹ ਆਫਤ ਰਾਹਤ ਦਾ ਸਵਾਗਤ

ਵਿਕਟੋਰੀਆ-ਬੀਸੀ ਨੇ ਫੈਡਰਲ ਸਰਕਾਰ ਵਲੋਂ ਹੜ੍ਹ ਆਫਤ ਰਾਹਤ ਵਜੋਂ ਸ਼ੁਰੂਆਤ ਵਿਚ ਪੰਜ ਅਰਬ ਡਾਲਰ ਦੇਣ ਦਾ ਸਵਾਗਤ ਕੀਤਾ ਹੈ। ਬੀਸੀ ਦੇ ਵਿੱਤ ਮੰਤਰੀ ਦਾ ਕਹਿਣਾ ਕਿ ਪੁਨਰ ਉਸਾਰੀ ਦੇ ਮੁਕੰਮਲ ਮੁਲਾਂਕਣ ਦੀ ਪ੍ਰਕਿਰਿਆ ਚਲ ਰਹੀ ਹੈ। ਵਿੱਤ ਮੰਤਰੀ ਸੇਲੀਨਾ ਰੋਬਿਨਸਨ ਨੇ ਕਿਹਾ ਕਿ ਫੈਡਰਲ ਸਰਕਾਰ ਦਾ ਸੂਬੇ ਦੇ ਹੜ੍ਹ ਆਫਤ ਰਿਕਵਰੀ ਯਤਨਾਂ ਵਿਚ ਪੰਜ ਅਰਬ ਦਾ ਯੋਗਦਾਨ ਇਕ ਇਤਿਹਾਸਕ ਰਕਮ ਹੈ ਜਿਹੜੀ ਵਿਨਾਸ਼ ਦੀ ਗੰਭੀਰ ਸਥਿਤੀ ਨੂੰ ਦਰਸਾਉਂਦੀ ਹੈ। ਰੋਬਿਨਸਨ ਨੇ ਕਿਹਾ ਕਿ ਸੂਬਾ ਹੁਣ ਜਦੋਂ ਤਾਜ਼ਾ ਕੁਦਰਤੀ ਵਿਨਾਸ਼ ਦੇ ਅਸਰ ਦਾ ਮੁਲਾਂਕਣ ਕਰ ਰਿਹਾ ਹੈ ਤਾਂ ਇਹ ਪਤਾ ਲੱਗਣਾ ਹੌਸਲਾ ਦਿੰਦਾ ਹੈ ਕਿ ਸਾਡੇ ਫੈਡਰਲ ਪਾਰਟਨਰ ਨੇ ਵਾਅਦਾ ਕੀਤਾ ਹੈ ਕਿ ਉਨ੍ਹਾਂ ਦੀ ਸਹਾਇਤਾ ਲਗਾਤਾਰ ਜਾਰੀ ਰਹੇਗੀ ਜਦਕਿ ਅਸੀਂ ਰਿਕਵਰੀ ਤੇ ਪੁਨਰ ਉਸਾਰੀ ਲਈ ਅੱਗੇ ਵਧ ਰਹੇ ਹਾਂ। ਪਿਛਲੇ ਮਹੀਨੇ ਭਾਰੀ ਮੀਂਹਾਂ ਨਾਲ ਬੀਸੀ ਦੇ ਦੱਖਣੀ ਇਲਾਕੇ ਵਿਚ ਭਾਰੀ ਹੜ੍ਹਾਂ ਤੇ ਢਿੱਗਾਂ ਡਿਗਣ ਕਾਰਨ ਖੇਤ ਤੇ ਘਰ ਪਾਣੀ ਵਿਚ ਡੁੱਬ ਗਏ ਜਿਸ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜ਼ਬੂਰ ਹੋਣਾ ਪਿਆ ਸੀ। ਹੜ੍ਹ ਨਾਲ ਆਵਾਜਾਈ ਵਿਚ ਵੀ ਭਾਰੀ ਵਿਘਨ ਪਿਆ ਸੀ।



# ਅਲਬਰਟਾ ਸਰਕਾਰ ਨੇ ਰੈਪਿਡ ਟੈਸਟਾਂ ਨੂੰ ਵਧਾਇਆ-ਪਾਬੰਦੀਆਂ ਕੀਤੀਆਂ ਨਰਮ

ਕੈਲਗਰੀ-ਪ੍ਰੀਮੀਅਰ ਜੇਸਨ ਕੇਨੀ ਨੇ ਐਲਾਨ ਕੀਤਾ ਕਿ ਅਲਬਰਟਾ ਟੈਸਟਾਂ ਨੂੰ ਹੋਰ ਤੇਜ਼ੀ ਨਾਲ ਉਪਲਬਧ ਕਰਵਾ ਰਿਹਾ ਹੈ ਅਤੇ 50 ਸਾਲ ਅਤੇ ਜ਼ਿਆਦਾ ਉਮਰ ਦੇ ਵਿਅਕਤੀ ਤੇ ਸਾਰੇ ਹੈਲਥ ਕੇਅਰ ਵਰਕਰਾਂ ਲਈ ਬੂਸਟਰ ਖ਼ੁਰਾਕ ਵਾਸਤੇ ਬੁੱਕਿੰਗ ਖੋਲ੍ਹ ਦਿੱਤੀ ਗਈ ਹੈ। ਛੁੱਟੀਆਂ ਦੇ ਮੌਸਮ ਵਿਚ ਵੱਧ ਤੋਂ ਵੱਧ 10 ਵਿਅਕਤੀਆਂ ਦੇ ਇਕੱਤਰ ਹੋਣ ਦੀ ਇਜਾਜ਼ਤ ਨਾਲ ਅੰਦਰੂਨੀ ਇਕੱਠਾਂ ਦੀਆਂ ਸੀਮਾਵਾਂ ਵਿੱਚ ਢਿੱਲ ਦਿੱਤੀ ਜਾ ਰਹੀ ਹੈ ਪਰ ਦੋ ਘਰਾਂ ਦੀ ਹੱਦ ਨੂੰ ਹਟਾ ਦਿੱਤਾ ਗਿਆ ਹੈ। 17 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਲੋਕਾਂ ਨੂੰ ਗਿਣਤੀ ਵਿਚ ਸ਼ਾਮਿਲ ਨਹੀਂ ਕੀਤਾ ਜਾਂਦਾ। ਇਕ ਹੋਰ ਤਬਦੀਲੀ ਦੇਖਣ ਨੂੰ ਮਿਲੀ ਹੈ ਜਿਸ ਵਿਚ ਟੀਕਾਰਹਿਤ ਲੋਕਾਂ ਨੂੰ ਵੀ ਇਨਡੋਰ ਸ਼ਾਮਿਲ ਹੋਣ ਅਤੇ ਸਮਾਜਿਕ ਇਕੱਠ ਦੀ ਮੇਜ਼ਬਾਨੀ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਹੁਣ ਤਕ ਅਲਬਰਟਾ ਹੀ ਇਕੋ ਇਕ ਸੂਬਾ ਸੀ ਜਿਹੜਾ ਟੀਕਾਕਰਣ ਰਹਿਤ ਵਿਅਕਤੀਆਂ ਦੇ ਇਨਡੋਰ ਇਕੱਠ ਦੀ ਮਨਾਹੀ ਕਰਦਾ ਸੀ ਅਤੇ ਕੈਨੀ ਨੇ ਦੱਸਿਆ ਕਿ ਅਸੀਂ ਇਹ ਸਿੱਟਾ ਕੱਢਿਆ ਕਿ ਇਸ ਦੀ ਕੋਈ ਪਾਲਣਾ ਨਹੀਂ ਕਰਦਾ। ਹੁਣ 90 ਫ਼ੀਸਦੀ ਬਾਲਗਾਂ ਵਿਚ ਸੁਰੱਖਿਆ ਦਾ ਪੱਧਰ ਕਾਇਮ ਹੋ ਗਿਆ ਹੈ ਅਤੇ ਸਾਡਾ ਵਿਸ਼ਵਾਸ਼ ਹੈ ਕਿ ਹੁਣ ਇਸ ਦੀ ਜ਼ਰੂਰਤ ਨਹੀਂ। ਸੂਬੇ ਭਰ ਵਿਚ ਹੁਣ 700 ਤੋਂ ਵੀ ਵੱਧ ਅਲਬਰਟਾ ਹੈਲਥ ਸੇਵਾਵਾਂ ਦੀਆਂ ਥਾਵਾਂ ਤੇ ਫਾਰਮੇਸੀਆਂ ਵਿਚ ਮੁਫਤ ਵਿਚ ਰੈਪਿਡ ਟੈਸਟ ਕਿੱਟਾਂ ਉਪਲਬਧ ਹੋਣਗੀਆਂ। ਤੁਸੀਂ ਹਰੇਕ ਦੋ ਹਫ਼ਤਿਆਂ ਵਿਚ ਇਕ ਕਿੱਟ ਲੈ ਸਕਦੇ ਹੋ ਅਤੇ ਤੁਸੀਂ ਕਿਸੇ ਹੋਰ ਲਈ ਵੀ ਕਿੱਟ ਲਿਜਾ ਸਕਦੇ ਹੋ ਬਸ਼ਰਤੇ ਕਿ ਤੁਹਾਡੇ ਕੋਲ ਵਿਅਕਤੀ ਦਾ ਹੈਲਥ ਕੇਅਰ ਨੰਬਰ ਹੋਵੇ। ਹਰੇਕ ਕਿਟ ਵਿਚ ਪੰਜ ਟੈਸਟ ਹੁੰਦੇ ਹਨ ਅਤੇ ਸੂਬੇ ਕੋਲ ਪੰਜ ਲੱਖ ਤੋਂ ਵੀ ਵੱਧ ਕਿੱਟਾਂ ਉਪਲਬਧ ਹਨ। ਇਨ੍ਹਾਂ ਦੀ ਉਨ੍ਹਾਂ ਲੋਕਾਂ ਲਈ ਵਰਤੋਂ ਕਰਨ ਦਾ ਇਰਾਦਾ ਹੈ ਜਿਨ੍ਹਾਂ ਨੂੰ ਕੋਵਿਡ-19 ਦੇ ਲੱਛਣ ਦਿਖਾਈ ਨਹੀਂ ਦਿੰਦੇ। ਜੇਕਰ ਤੁਹਾਡੇ ਲੱਛਣ ਹੋਣ ਤਾਂ ਤੁਹਾਨੂੰ ਤੁਰੰਤ ਆਈਸੋਲੇਟ ਹੋ ਕੇ ਏਐਚਐਸ ਅਸੈਸਮੈਂਟ ਸੈਂਟਰ ਵਿਖੇ ਪੀਸੀਆਰ ਟੈਸਟ ਕਰਵਾਉਣਾ ਚਾਹੀਦਾ ਹੈ।

## ਕੈਨੇਡਾ 'ਚ ਗੈਰ ਕਨੂੰਨੀ ਦਾਖਲ ਹੋਣ ਲਈ 7 ਵਿਅਕਤੀਆਂ ਦੀ ਮਦਦ ਕਰਨ ਵਾਲੇ ਨੂੰ ਸਜ਼ਾ ਦੀ ਸੁਣਵਾਈ ਇਸੇ ਹਫ਼ਤੇ

ਵੈਨਕੂਵਰ-ਸਮੱਗਲਰਜ਼ ਇਨ ਦਾ ਮਾਲਕ ਰੌਬਰਟ ਬੋਲੇ ਨੇ ਕੇਸ ਦੀ ਸੁਣਵਾਈ ਦੇ ਸ਼ੁਰੂ ਵਿਚ ਆਪਣਾ ਕਸੂਰ ਸਵੀਕਾਰ ਕਰ ਲਿਆ ਹੈ। ਅਮਰੀਕੀ ਇਨ ਮਾਲਕ ਜਿਸ ਨੂੰ ਅਪ੍ਰੈਲ 2016 ਤੇ ਮਾਰਚ 2019 ਵਿਚਕਾਰ ਅਮਰੀਕਾ ਤੋਂ ਗੈਰਕਾਨੂੰਨੀ ਤਰੀਕੇ ਨਾਲ ਕੈਨੇਡਾ ਵਿਚ ਦਾਖਲ ਹੋਣ ਲਈ ਲੋਕਾਂ ਦੀ ਮਦਦ ਕਰਨ ਦੇ ਸਬੰਧ ਵਿਚ 2.5 ਸਾਲ ਪਹਿਲਾਂ ਗ੍ਰਿਫ਼ਤਾਰ ਕੀਤਾ ਸੀ ਨੂੰ ਸਜ਼ਾ ਦੇਣ ਦੀ ਸੁਣਵਾਈ ਚਲ ਰਹੀ ਹੈ। ਪਬਲਿਕ ਪ੍ਰੋਸੀਕਿਊਸ਼ਨ ਸਰਵਿਸ ਆਫ ਕੈਨੇਡਾ ਦੇ ਬੁਲਾਰੇ ਨੈਥਲੀ ਹਾਉਲ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ 7 ਵਿਦੇਸ਼ੀ ਨਾਗਰਿਕਾਂ ਦੇ ਗੈਰਕਾਨੂੰਨੀ ਦਾਖਲੇ ਵਿਚ ਸਹਾਇਤਾ ਕਰਨ ਤੇ ਹੱਲਾਸ਼ੇਰੀ ਦੇਣ ਵਿਚ ਆਪਣੀ ਭੂਮਿਕਾ ਬਾਰੇ ਅਗਸਤ ਵਿਚ ਇਕਬਾਲ ਕਰਨ ਪਿੱਛੋਂ ਸਮੱਗਲਰਜ਼ ਇਨ ਦੇ ਮਾਲਕ ਰੌਬਰਟ ਬੋਲੇ ਖਿਲਾਫ ਸੁਣਵਾਈ ਤੈਅ ਕੀਤੀ ਸੀ। ਅਰਜ਼ੀ ਟਰਾਇਲ ਦੇ ਪਹਿਲ ਦਿਨ ਦਿੱਤੀ ਗਈ ਸੀ ਜਿਹੜਾ 10 ਅਗਸਤ ਤੋਂ 3 ਸਤੰਬਰ ਤਕ ਚੱਲਣਾ ਸੀ।

## ਸਮਲਿੰਗੀਆਂ ਉਪਰ ਖ਼ੂਨਦਾਨ ਕਰਨ 'ਤੇ ਲਗਾਈ ਪਾਬੰਦੀ ਹਟਾਉਣ ਦੀ ਸਿਫਾਰਸ਼

ਓਟਵਾ-ਐਲਜੀਬੀਟੀਕਿਉ2ਐਸ ਤੇ ਐਡਵੋਕੇਟਸ ਵਲੋਂ ਇਕ ਕਦਮ ਜਿਸ ਦੀ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ ਤਹਿਤ ਕੈਨੇਡੀਅਨ ਬਲੱਡ ਸਰਵਿਸਜ਼ ਨੇ ਹੈਲਥ ਕੈਨੇਡਾ ਕੋਲ ਅਰਜ਼ੀ ਦੇ ਕੇ ਸਮਲਿੰਗ ਮਰਦਾਂ 'ਤੇ ਖ਼ੂਨਦਾਨ ਕਰਨ 'ਤੇ ਲਗਾਈ ਪਾਬੰਦੀ ਨੂੰ ਖਤਮ ਕਰਨ ਲਈ ਕਿਹਾ ਹੈ। ਨੀਤੀ ਵਿਚ ਤਬਦੀਲੀ ਲਈ ਇਕ ਨਵੀਂ ਬੇਨਤੀ ਵਿਚ ਕੈਨੇਡੀਅਨ ਬਲੱਡ ਸਰਵਸਿਜ਼ ਆਪਣੇ ਰੈਗੂਲੇਟਰ ਨੂੰ ਆਪਣੇ ਖ਼ੂਨ ਤੇ ਪਲਾਜ਼ਮਾ ਡੋਨਰ ਯੋਗਤਾ ਮਾਪਦੰਡ ਵਿਚ ਤਬਦੀਲੀ ਨੂੰ ਪ੍ਰਵਾਨਗੀ ਦੇਣ ਲਈ ਕਹਿ ਰਿਹਾ ਹੈ ਜਿਸ ਵਿਚ ਗੇਅ (ਸਮਲਿੰਗ ਮਰਦਾਂ) ਤੇ ਦੂਸਰੇ ਬਾਈਸੈਕਸੂਅਲ ਮਰਦਾਂ ਅਤੇ ਐਲਜੀਬੀਟੀਕਿਉ2ਐਸ ਪਲੱਸ ਕਮਿਊਨਿਟੀ ਦੇ ਕੁਝ ਦੂਸਰੇ ਲੋਕਾਂ ਨੂੰ ਇਹ ਪੁੱਛਣ ਤੋਂ ਬਿਨ੍ਹਾਂ ਖ਼ੂਨ ਦਾਨ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਕਿ ਕੀ ਉਨ੍ਹਾਂ ਨੇ ਕਿਸੇ ਮਰਦ ਨਾਲ ਜਿਣਸੀ ਸਬੰਧ ਬਣਾਏ ਹਨ ਜਾਂ ਨਹੀਂ।









# ਮੁੱਖ ਚੋਣ ਕਮਿਸ਼ਨਰ ਵਲੋਂ ਪੰਜਾਬ ਦਾ ਦੌਰਾ-ਪੰਜਾਬ ਚੋਣਾਂ ਦਾ ਐਲਾਨ ਕਿਸੇ ਵੇਲੇ ਵੀ ਸੰਭਵ

ਚੰਡੀਗੜ੍ਹ-ਪੰਜਾਬ ਦੌਰੇ ਤੇ ਪੁੱਜ ਮੁੱਖ ਚੋਣ ਕਮਿਸ਼ਨਰ ਸੁਸ਼ੀਲ ਚੰਦਰ ਨੇ ਪੰਜਾਬ ਵਿਚ ਹੋਣ ਜਾ ਰਹੀਆਂ ਵਿਧਾਨ ਚੋਣਾਂ ਦੀਆਂ ਤਿਆਰੀਆਂ ਦਾ ਜਾਇਜਾ ਲਿਆ। ਉਹ ਆਪਣੇ ਦੌਰੇ ਉਪਰੰਤ ਪੰਜਾਬ ਚੋਣਾਂ ਦਾ ਕਿਸੇ ਵੇਲੇ ਵੀ ਐਲਾਨ ਕਰ ਸਕਦੇ ਹਨ। ਉਮੀਦ ਹੈ ਕਿ ਇਹ ਐਲਾਨ 20 ਦਸੰਬਰ ਤੋ ਬਾਦ ਹੋ ਜਾਵੇਗਾ। ਇਸੇ ਦੌਰਾਨ ਉਹਨਾਂ ਨੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਸਥਾਨਕ ਪ੍ਰਸ਼ਾਸਨ ਦੇ ਪੱਖਪਾਤ ਰਵੱਈਏ ਤੇ ਵਿਧਾਨ ਚੋਣਾਂ ਵਿੱਚ ਸ਼ਰਾਬ, ਨਕਦੀ ਤੇ ਡਰੱਗਜ਼ ਦੀ ਦੁਰਵਰਤੋਂ ਦੇ ਮਾਮਲੇ ਉਭਾਰੇ ਹਨ। ਉਨ੍ਹਾਂ ਨੇ ਇਹ ਖੁਲਾਸਾ ਸਿਆਸੀ ਪਾਰਟੀਆਂ ਦੇ ਪ੍ਰਤੀਨਿਧਾਂ ਤੇ ਅਧਿਕਾਰੀਆਂ ਨਾਲ ਮੀਟਿੰਗਾਂ ਕਰਨ ਮਗਰੋਂ ਕੀਤਾ ਤੇ ਕਿਹਾ ਕਿ ਚੋਣ ਕਮਿਸ਼ਨ ਸੂਬੇ ਵਿੱਚ ਨਿਰਪੱਖ ਚੋਣਾਂ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕੁਝ ਸਿਆਸੀ ਪਾਰਟੀਆਂ ਨੇ ਇਹ ਵੀ ਸ਼ਿਕਾਇਤ ਕੀਤੀ ਹੈ ਕਿ ਸਥਾਨਕ ਪ੍ਰਸ਼ਾਸਨ ਨਿਰਧਾਰਤ ਸਰਕਾਰੀ ਗਰਾਊਂਡਾਂ ਉੱਤੇ ਰੈਲੀਆਂ ਲਈ ਪ੍ਰਵਾਨਗੀ ਨਹੀਂ ਦਿੰਦਾ।

# ਭਾਰਤ ਵਿਚ ਓਮੀਕਰੋਨ ਦੇ 14 ਮਾਮਲੇ ਰਿਪੋਰਟ

ਨਵੀਂ ਦਿੱਲੀ-ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਵੀਰਵਾਰ ਨੂੰ ਕਰੋਨਾ ਵਾਇਰਸ ਦੇ ਨਵੇਂ ਸਰੂਪ ਓਮੀਕਰੋਨ ਦੇ ਕੁੱਲ 14 ਨਵੇਂ ਮਾਮਲੇ ਸਾਹਮਣੇ ਆਏ ਹਨ ਤੇ ਦੇਸ਼ ਵਿੱਚ ਓਮੀਕਰੋਨ ਕੇਸਾਂ ਦੀ ਕੁੱਲ ਗਿਣਤੀ 87 ਹੋ ਗਈ ਹੈ। ਵੇਰਵਿਆਂ ਅਨੁਸਾਰ ਅੱਜ ਕਰਨਾਟਕ ਵਿੱਚ ਓਮੀਕਰੋਨ ਦੇ ਪੰਜ ਨਵੇਂ ਕੇਸ ਸਾਹਮਣੇ ਆਏ ਹਨ, ਦਿੱਲੀ ਤੇ ਤੇਲੰਗਾਨਾ ਵਿੱਚ ਚਾਰ-ਚਾਰ ਤੇ ਗੁਜਰਾਤ ਵਿੱਚ ਇਕ ਮਾਮਲਾ ਸਾਹਮਣੇ ਆਇਆ ਹੈ।

# ਰੇਤ ਮਾਫੀਆ ਤੇ ਬੇਅਦਬੀਆਂ ਲਈ ਜ਼ਿੰਮੇਵਾਰ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ-ਚੰਨੀ



ਲੁਧਿਆਣਾ-ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਥੇ ਰਵੀਦਾਸ ਆਡੀਟੋਰੀਅਮ ਤੇ ਹੋਰਨਾਂ ਵਿਕਾਸ ਪ੍ਰਾਜੈਕਟਾਂ ਦੇ ਨੀਂਹ-ਪੱਥਰ ਰੱਖਣ ਮਗਰੋਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਵਿੱਚ ਰੇਤ ਮਾਫੀਆ, ਬੇਅਦਬੀ ਕਾਂਡ, ਪੋਸਟ ਮੈਟ੍ਰਿਕ ਵਜ਼ੀਫਾ ਸਕੀਮ ਤੇ ਸਿੰਜਾਈ ਘਪਲਿਆਂ ਨੂੰ ਅੰਜਾਮ ਦੇਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਉਨ੍ਹਾਂ ਨੂੰ ਕਾਨੂੰਨ ਮੁਤਾਬਕ ਸਜ਼ਾ ਦਿਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਅਪਰਾਧਕ ਗਤੀਵਿਧੀਆਂ ਵਿੱਚ ਸ਼ਾਮਲ ਸਿਆਸੀ ਆਗੂਆਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ ਤੇ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਲੋਕਾਂ ਨੂੰ ਸਲਾਖਾਂ ਪਿੱਛੇ ਪਹੁੰਚਾਇਆ ਜਾਵੇ। ਆਮ ਆਦਮੀ ਪਾਰਟੀ ਉੱਤੇ ਸ਼ਬਦੀ ਹਮਲੇ ਕਰਦਿਆਂ ਸ੍ਰੀ ਚੰਨੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਸੂਬੇ ਵਿੱਚ ਸੱਤਾ ਹਥਿਆਉਣ ਦੀ ਯੋਜਨਾ ਬਣਾ ਰਿਹਾ ਤੇ ਪੰਜਾਬ ਵਾਸੀਆਂ ਨੂੰ ਇਸ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੈਂ ਖੁਸ਼ਕਿਸਮਤ ਹਾਂ ਕਿ ਕਾਂਗਰਸ ਹਾਈ ਕਮਾਂਡ ਨੂੰ ਮੈਨੂੰ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ।

# ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਹਰਪਾਲ ਸਿੰਘ ਜੱਲਾ ਭਾਜਪਾ ਵਿਚ ਸ਼ਾਮਿਲ

ਦੋਰਾਹਾ-ਇਲਾਕੇ ਦੇ ਸੀਨੀਅਰ ਅਕਾਲੀ ਆਗੂ ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਜਥੇਦਾਰ ਹਰਪਾਲ ਸਿੰਘ ਜੱਲ੍ਹਾ ਬੀਤੇ ਕੱਲ੍ਹ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਸ੍ਰੀ ਜੱਲ੍ਹਾ ਨੇ ਇਸ ਇਲਾਕੇ ਵਿੱਚ ਧਰਮ ਪ੍ਰਚਾਰ ਦੀ ਲਹਿਰ ਨੂੰ ਪੂਰੇ ਜ਼ੋਰਾਂ ਨਾਲ ਚਲਾਇਆ ਅਤੇ ਕਈ ਧਾਰਮਿਕ ਸਮਾਗਮ ਕਰਵਾਏ। ਮਨਜਿੰਦਰ ਸਿੰਘ ਸਿਰਸਾ ਤੋਂ ਬਾਅਦ ਸ੍ਰੀ ਜੱਲ੍ਹਾ ਦਾ ਭਾਜਪਾ ਵਿੱਚ ਸ਼ਾਮਲ ਹੋਣਾ ਅਕਾਲੀ ਦਲ ਲਈ ਸਿਆਸੀ ਅਤੇ ਧਾਰਮਿਕ ਤੌਰ 'ਤੇ ਇੱਕ ਵੱਡਾ ਝਟਕਾ ਹੈ। ਦੂਜੇ ਪਾਸੇ ਭਾਜਪਾ ਪੰਜਾਬ ਦੇ ਚੋਣ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਤੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸ੍ਰੀ ਜੱਲ੍ਹਾ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਮਗਰੋਂ ਉਨ੍ਹਾਂ ਨੂੰ ਬਣਦਾ ਮਾਣ ਸਨਮਾਨ ਦੇਣ ਦਾ ਐਲਾਨ ਕੀਤਾ।

# ਭਾਰਤ ਵਿਚ ਲੜਕੀਆਂ ਦੇ ਵਿਆਹ ਦੀ ਉਮਰ 21 ਸਾਲ ਕੀਤੇ ਜਾਣ ਦੀ ਤਜਵੀਜ਼

ਚੰਡੀਗੜ੍ਹ-ਇਕ ਟੀ ਵੀ ਚੈਨਲ ਦੀ ਰਿਪੋਰਟ ਮੁਤਾਬਕ ਲੜਕੀਆਂ ਦੀ ਵਿਆਹ ਦੀ ਘੱਟੋ-ਘੱਟ ਉਮਰ ਵਧਾ ਕੇ 21 ਸਾਲ ਕਰਨ ਦੀ ਤਜਵੀਜ਼ ਨੂੰ ਕੇਂਦਰੀ ਮੰਤਰੀ ਮੰਡਲ ਨੇ ਮਨਜ਼ੂਰੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਪਿਛਲੇ ਸਾਲ ਆਪਣੇ ਸੁਤੰਤਰਤਾ ਦਿਵਸ ਭਾਸ਼ਨ ਦੌਰਾਨ ਕਿਹਾ ਸੀ ਕਿ ਔਰਤਾਂ ਲਈ ਵਿਆਹ ਦੀ ਘੱਟੋ-ਘੱਟ ਉਮਰ 18 ਦੀ ਥਾਂ 21 ਸਾਲ ਹੋਵੇਗੀ। ਦੇਸ਼ ਵਿੱਚ ਇਸ ਸਮੇਂ ਲੜਕਿਆਂ ਲਈ ਵਿਆਹ ਦੀ ਘੱਟੋ-ਘੱਟ ਉਮਰ 21 ਸਾਲ ਤੇ ਲੜਕੀਆਂ ਲਈ 18 ਸਾਲ ਹੈ।

# ਕੈਪਟਨ ਅਮਰਿੰਦਰ ਸਿੰਘ ਸਰਗਰਮ ਹੋਏ-ਸਾਬਕਾ ਐਮ ਪੀ ਆਲੀਵਾਲ ਤੇ ਚਾਰ ਸਾਬਕਾ ਵਿਧਾਇਕ ਪੰਜਾਬ ਲੋਕ ਕਾਂਗਰਸ ਵਿਚ ਸ਼ਾਮਿਲ

ਚੰਡੀਗੜ੍ਹ-ਕਾਂਗਰਸ ਦੇ ਇਕ ਸਾਬਕਾ ਸੰਸਦ ਮੈਂਬਰ ਅਤੇ ਚਾਰ ਸਾਬਕਾ ਵਿਧਾਇਕ ਮੰਗਲਵਾਰ ਨੂੰ ਇਥੇ ਕੈਪਟਨ ਅਮਰਿੰਦਰ ਸਿਘ ਦੀ ਪੰਜਾਬ ਲੋਕ ਕਾਂਗਰਸ ਵਿੱਚ ਸ਼ਾਮਲ ਹੋ ਗਏ। ਚਾਰ ਸਾਬਕਾ ਵਿਧਾਇਕਾਂ ਵਿਚੋਂ ਤਿੰਨ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਰਹਿ ਚੁੱਕੇ ਹਨ। ਪੰਜਾਬ ਲੋਕ ਕਾਂਗਰਸ ਨੇ ਇਕ ਬਿਆਨ ਵਿੱਚ ਕਿਹਾ ਕਿ ਲੁਧਿਆਣਾ ਤੋਂ ਦੋ ਵਾਰ ਸੰਸਦ ਮੈਂਬਰ ਰਹੇ ਅਮਰੀਕ ਸਿੰਘ ਆਲੀਵਾਲ ਅਤੇ ਕਾਂਗਰਸ ਦੇ ਸਾਬਕਾ ਵਿਧਾਇਕ ਹਰਜਿੰਦਰ ਸਿੰਘ ਠੇਕੇਦਾਰ ਅਤੇ ਸ਼ੋ੍ਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਪ੍ਰੇਮ ਮਿੱਤਲ, ਫਰਜਾਨਾ ਆਲਮ ਅਤੇ ਰਾਜਵਿੰਦਰ ਕੌਰ ਭਾਗੀਕੇ, ਅਮਰਿੰਦਰ ਦੀ ਮੌਜੂਦਗੀ ਵਿੱਚ ਪਾਰਟੀ ਵਿੱਚ ਸ਼ਾਮਲ ਹੋਏ। ਇਸ ਦੇ ਨਾਲ ਹੀ ਸਾਬਕਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਜਗਮੋਹਨ ਸ਼ਰਮਾ ਅਤੇ ਸਤਵੀਰ ਸਿੰਘ ਪੱਲੀਝਿੱਕੀ ਤੇ ਪੰਜਾਬ ਆੜ੍ਹਤੀਆ ਸੰਗਠਨ ਦੇ ਪ੍ਰਧਾਨ ਵਿਜੇ ਕਾਲੜਾ ਵੀ ਪਾਰਟੀ ਵਿੱਚ ਸ਼ਾਮਲ ਹੋਏ ਹਨ।

# ਲਖੀਮਪੁਰ ਖੀਰੀ ਕਾਂਡ ਦੇ ਮੁੱਖ ਮੁਲਜ਼ਮ ਅਸ਼ੀਸ਼ ਮਿਸ਼ਰਾ ਦੇ ਪਿਤਾ ਕੇਂਦਰੀ ਮੰਤਰੀ ਨੇ ਪੱਤਰਕਾਰਾਂ ਨਾਲ ਕੀਤੀ ਬਦਸਲੂਕੀ

ਲਖੀਮਪੁਰ ਖੀਰੀ-ਲਖੀਮਪੁਰ ਖੀਰੀ ਹੱਤਿਆ ਕਾਂਡ ਦੇ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਦਾ ਪਿਤਾ ਅਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਪੱਤਰਕਾਰਾਂ ਦੇ ਸਵਾਲਾਂ ਤੋਂ ਖਿੱਝ ਗਿਆ ਅਤੇ ਉਨ੍ਹਾਂ ਨੂੰ 'ਚੋਰ' ਆਖਦਿਆਂ ਧੱਕਾ-ਮੁੱਕੀ ਕੀਤੀ। ਪੱਤਰਕਾਰਾਂ ਵੱਲੋਂ ਦਿੱਤੇ ਗਏ ਮੰਗ ਪੱਤਰ 'ਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਕੇਂਦਰੀ ਮੰਤਰੀ ਨੇ ਇਕ ਰਿਪੋਰਟਰ ਦਾ ਮੋਬਾਈਲ ਫੋਨ ਵੀ ਖੋਹਣ ਦੀ ਕੋਸ਼ਿਸ਼ ਕੀਤੀ। ਪੱਤਰਕਾਰਾਂ ਦੇ ਵਫ਼ਦ ਨੇ ਬਾਅਦ 'ਚ ਰਾਸ਼ਟਰਪਤੀ ਦੇ ਨਾਮ 'ਤੇ ਜ਼ਿਲ੍ਹਾ ਮੈਜਿਸਟਰੇਟ ਨੂੰ ਮੰਗ ਪੱਤਰ ਸੌਂਪਿਆ ਹੈ ਜਿਸ 'ਚ ਕੇਂਦਰੀ ਮੰਤਰੀ ਖ਼ਿਲਾਫ਼ ਕਾਰਵਾਈ ਦੀ ਮੰਗ ਕਰਦਿਆਂ ਪੱਤਰਕਾਰਾਂ ਨੂੰ ਸੁਰੱਖਿਆ ਦੇਣ ਲਈ ਕਿਹਾ ਗਿਆ ਹੈ। ਜ਼ਿਕਰਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਸਥਾਨਕ ਅਦਾਲਤ ਨੂੰ ਦੱਸਿਆ ਹੈ ਕਿ ਚਾਰ ਕਿਸਾਨਾਂ ਸਮੇਤ ਅੱਠ ਵਿਅਕਤੀਆਂ ਨੂੰ ਵਾਹਨ ਹੇਠਾਂ ਦਰੜਨ ਦੀ ਸੋਚੀ-ਸਮਝੀ ਸਾਜ਼ਿਸ਼ ਸੀ। ਅਦਾਲਤ ਨੇ ਸਿਟ ਨੂੰ ਮੰਤਰੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਅਤੇ 12 ਹੋਰਾਂ ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਕਰਨ ਦੇ ਦੋਸ਼ ਜੋੜਨ ਦੀ ਇਜਾਜ਼ਤ ਦੇ ਦਿੱਤੀ ਹੈ। ਕੇਂਦਰੀ ਮੰਤਰੀ ਦੇ ਨਸ਼ਰ ਹੋਏ ਵੀਡੀਓ 'ਚ ਸਾਫ਼ ਦਿਖ ਰਿਹਾ ਹੈ ਕਿ ਉਹ ਪੱਤਰਕਾਰਾਂ ਦੇ ਸਵਾਲਾਂ ਤੋਂ ਭੜਕ ਗਿਆ। ਉਹ ਮੀਡੀਆ ਨੂੰ 'ਚੋਰ' ਆਖਦਾ ਹੋਇਆ ਸੁਣਾਈ ਦੇ ਰਿਹਾ ਹੈ। ਉਸ ਨੇ ਕਿਹਾ,"ਮੂਰਖਾਂ ਵਾਂਗ ਸਵਾਲ ਨਾ ਪੁੱਛੋ। ਕੀ ਤੁਹਾਡਾ ਦਿਮਾਗ ਖ਼ਰਾਬ ਹੋ ਗਿਆ ਹੈ? ਤੁਸੀਂ ਕੀ ਜਾਨਣਾ ਚਾਹੁੰਦੇ ਹੋ? ਤੁਸੀਂ ਇਕ ਬੇਕਸੂਰ ਵਿਅਕਤੀ ਨੂੰ ਦੋਸ਼ੀ ਬਣਾ ਦਿੱਤਾ ਹੈ। ਤੁਹਾਨੂੰ ਸ਼ਰਮ ਨਹੀਂ ਆਉਂਦੀ?" ਗੁੱਸੇ 'ਚ ਇਕ ਪੱਤਰਕਾਰ ਵੱਲ ਵਧਦਿਆਂ ਉਹ ਉਸ ਨੂੰ ਮੋਬਾਈਲ ਫੋਨ ਬੰਦ ਕਰਨ ਲਈ ਆਖ ਰਿਹਾ ਹੈ। ਕੇਂਦਰੀ ਮੰਤਰੀ ਦਾ ਪੱਤਰਕਾਰਾਂ 'ਤੇ ਇਹ ਗੁੱਸਾ ਉਸ ਸਮੇਂ ਨਿਕਲਿਆ ਜਦੋਂ ਉਹ ਲਖੀਮਪੁਰ ਖੀਰੀ ਤੋਂ 15 ਕਿਲੋਮੀਟਰ ਦੂਰ ਸਰਕਾਰੀ ਸਿਹਤ ਕੇਂਦਰ 'ਚ ਆਕਸੀਜਨ ਪਲਾਂਟ ਦਾ ਉਦਘਾਟਨ ਕਰਨ ਲਈ ਗਿਆ ਸੀ। ਇਹ ਹਸਪਤਾਲ ਮਿਸ਼ਰਾ ਦੇ ਖੀਰੀ ਸੰਸਦੀ ਹਲਕੇ 'ਚ ਪੈਂਦਾ ਹੈ ਜਿਥੋਂ ਉਹ ਦੋ ਵਾਰ ਚੋਣ ਜਿੱਤ ਚੁੱਕਾ ਹੈ। ਇਸ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਜੈ ਮਿਸ਼ਰਾ ਨੇ ਕਰੋਨਾ ਮਹਾਮਾਰੀ ਨੂੰ ਕਾਬੂ ਕਰਨ ਲਈ ਸਰਕਾਰ ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਹਵਾਲਾ ਦਿੱਤਾ। ਕੇਂਦਰੀ ਮੰਤਰੀ ਨੇ ਮੰਗਲਵਾਰ ਨੂੰ ਪੁੱਤਰ ਨਾਲ ਜ਼ਿਲ੍ਹਾ ਜੇਲ੍ਹ 'ਚ ਮੁਲਾਕਾਤ ਕੀਤੀ ਅਤੇ ਅੱਜ ਉਹ ਦਿੱਲੀ ਲਈ ਰਵਾਨਾ ਹੋ ਗਿਆ ਹੈ।










# ਮਿਸ ਯੂਨੀਵਰਸ ਬਣੀ ਹਰਨਾਜ਼ ਸੰਧੂ

## ਘਰ ਤੇ ਮਿੱਤਰ ਦਾਇਰੇ ਵਿਚ ਵਿਆਹ ਵਰਗਾ ਮਾਹੌਲ

ਖਰੜ-'ਮਿਸ ਯੂਨੀਵਰਸ' ਦਾ ਖਿਤਾਬ ਜਿੱਤ ਕੇ ਦੇਸ਼ ਦਾ ਮਾਣ ਵਧਾਉਣ ਵਾਲੀ ਹਰਨਾਜ਼ ਕੌਰ ਸੰਧੂ ਦੀ ਖਰੜ ਸਥਿਤ ਰਿਹਾਇਸ਼ ਅਤੇ ਉਸ ਦੇ ਬਟਾਲਾ ਵਿਚਲੇ ਪਿੰਡ ਕੋਹਾਲੀ ਵਿੱਚ ਖੁਸ਼ੀ ਦਾ ਮਾਹੌਲ ਹੈ। ਹਰਨਾਜ਼ ਬਟਾਲਾ ਦੇ ਪਿੰਡ ਕੋਹਾਲੀ ਦੀ ਰਹਿਣ ਵਾਲੀ ਹੈ ਪਰ ਫਿਲਹਾਲ ਉਸ ਦਾ ਪਰਿਵਾਰ ਖਰੜ ਵਿੱਚ ਰਹਿੰਦਾ ਹੈ।ਖਰੜ ਵਿੱਚ ਉਸ ਦੇ ਪਿਤਾ ਪ੍ਰੀਤਮ ਸਿੰਘ ਸੰਧੂ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਵਿੱਚ 17 ਲੜਕੇ ਹਨ ਅਤੇ ਉਹ ਇਲਕੌਤੀ ਲੜਕੀ ਹੈ, ਜਿਸ ਕਰਕੇ ਉਹ ਸਾਰੇ ਪਰਿਵਾਰ ਦੀ ਲਾਡਲੀ ਹੈ। ਉਨ੍ਹਾਂ ਕਿਹਾ, "ਮੈਂ ਬਹੁਤ ਖੁਸ਼ ਹਾਂ। ਪੂਰੇ ਦੇਸ਼ ਨੂੰ ਉਸ 'ਤੇ ਮਾਣ ਹੈ। ਉਸ ਦੇ ਆਉਣ 'ਤੇ ਉਸ ਨੂੰ ਵੱਡੀ ਪਾਰਟੀ ਦੇਵਾਂਗੇ ਅਤੇ ਭੰਗੜਾ ਪਾਵਾਂਗੇ।" ਮਾਤਾ ਰਵਿੰਦਰ ਕੌਰ ਸੰਧੂ ਨੇ ਕਿਹਾ, "ਉਹ ਪਹਿਲਾਂ ਜੱਜ ਬਣਨਾ ਚਾਹੁੰਦੀ ਸੀ ਪਰ ਯੂਨੀਵਰਸਿਟੀ ਵਿੱਚ ਜਾ ਕੇ ਉਸ ਨੇ ਮਨ ਬਦਲ ਲਿਆ। ਸੁੰਦਰਤਾ ਮੁਕਾਬਲਿਆਂ ਨੇ ਉਸ ਨੂੰ ਉਤਸ਼ਾਹਿਤ ਕੀਤਾ ਅਤੇ ਉਹ ਆਪਣੇ ਟੀਚੇ 'ਤੇ ਕੇਂਦਰਿਤ ਸੀ। ਅਸੀਂ ਉਸ ਨੂੰ ਕਦੇ ਨਹੀਂ ਰੋਕਿਆ।" ਉਨ੍ਹਾਂ ਦੱਸਿਆ ਕਿ ਧੀ ਦੇ ਖਿਤਾਬ ਜਿੱਤਣ ਸਾਰ ਹੀ ਉਨ੍ਹਾਂ ਨੂੰ ਵਧਾਈਆਂ ਮਿਲਣੀਆਂ ਸ਼ੁਰੂ ਹੋ ਗਈਆਂ। ਇਸੇ ਤਰ੍ਹਾਂ ਬਟਾਲਾ ਵਿੱਚ ਉਸ ਦੇ ਜੱਦੀ ਪਿੰਡ ਕੋਹਾਲੀ ਵਿੱਚ ਵੀ ਲੋਕਾਂ ਵੱਲੋਂ ਜਸ਼ਨ ਮਨਾਏ ਜਾ ਰਹੇ ਹਨ। ਹਰਨਾਜ਼ ਦੇ ਪਿਤਾ ਪ੍ਰੀਤਮ ਸਿੰਘ ਸੰਧੂ ਕਿਸਾਨੀ ਦੇ ਨਾਲ-ਨਾਲ ਬਟਾਲਾ ਵਿੱਚ ਪ੍ਰਾਪਟੀ ਦੀ ਖਰੀਦ-ਵੇਚ ਦਾ ਕੰਮ ਵੀ ਕਰਦੇ ਰਹੇ ਹਨ।






ਮਾਤਾ ਡਾ. ਰਵਿੰਦਰ ਕੌਰ ਸਿਹਤ ਵਿਭਾਗ ਵਿੱਚ ਨੌਕਰੀ ਕਰਦੀ ਹੈ ਤੇ ਉਨ੍ਹਾਂ ਦੀ ਬਦਲੀ ਮੁਹਾਲੀ ਵਿੱਚ ਹੋਣ ਕਾਰਨ ਹਰਨਾਜ਼ ਵੀ ਛੋਟੀ ਉਮਰੇ ਉਥੇ ਹੀ ਚਲੀ ਗਈ। ਇੱਥੇ ਪਿੰਡ ਵਿੱਚ ਉਸ ਦੇ ਪਰਿਵਾਰਕ ਮੈਂਬਰਾਂ ਤਾਇਆ ਜਸਵਿੰਦਰ ਸਿੰਘ, ਭਰਾ ਹਰਨੂਰ ਸੰਧੂ, ਸ਼ਰਨਬੀਰ ਸੰਧੂ ਅਤੇ ਭਾਬੀ ਜੈਸਮੀਨ ਅਨੁਸਾਰ ਹਰਨਾਜ਼ ਨੂੰ ਘੋੜ ਸਵਾਰੀ, ਤੈਰਾਕੀ ਅਤੇ ਘੁੰਮਣ-ਫਿਰਨ ਦਾ ਸ਼ੌਕ ਹੈ। ਉਸ ਦੀ ਪ੍ਰਾਪਤੀ 'ਤੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਹਲਕਾ ਸ੍ਰੀ ਹਰਗੋਬਿੰਦਪੁਰ ਤੋਂ ਵਿਧਾਇਕ ਬਲਵਿੰਦਰ ਸਿੰਘ ਲਾਡੀ ਸਮੇਤ ਹੋਰ ਰਾਜਨੀਤਕ ਆਗੂਆਂ ਨੇ ਹਰਨਾਜ਼ ਅਤੇ ਉਸ ਦੇ ਪਰਿਵਾਰ ਨੂੰ ਮੁਬਾਰਕਾਂ ਦਿੱਤੀਆਂ।

### ਸਰਕਾਰੀ ਕਾਲਜ ਦੀ ਵਿਦਿਆਰਥਣ ਹੈ ਹਰਨਾਜ਼

ਚੰਡੀਗੜ੍ਹ (ਸੋਢੀ)-ਇੱਥੋਂ ਦੇ ਪੋਸਟ ਗਰੈਜੂਏਟ ਸਰਕਾਰੀ ਕਾਲਜ ਲੜਕੀਆਂ ਸੈਕਟਰ-42 ਦੀ ਮੌਜੂਦਾ ਵਿਦਿਆਰਥਣ ਹਰਨਾਜ਼ ਸੰਧੂ ਵੱਲੋਂ ਮਿਸ ਯੂਨੀਵਰਸ-2021 ਦਾ ਖਿਤਾਬ ਜਿੱਤਣ ਦੀ ਖ਼ਬਰ ਸੁਣ ਕੇ ਕਾਲਜ ਵਿੱਚ ਸਮਾਗਮ ਹੋਇਆ। ਉਹ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਸੈਕਟਰ-35 ਦੀ ਸਾਬਕਾ ਵਿਦਿਆਰਥਣ ਵੀ ਰਹੀ ਹੈ। ਕਾਲਜ ਦੇ ਅਧਿਆਪਕਾਂ ਨੇ ਦੱਸਿਆ ਕਿ 21 ਸਾਲਾ ਹਰਨਾਜ਼ ਸੰਧੂ ਨੂੰ ਮਿਸ ਯੂਨੀਵਰਸ ਦਾ ਖਿਤਾਬ ਮਿਲਣਾ ਕਾਲਜ ਲਈ ਮਾਣ ਵਾਲੀ ਗੱਲ ਹੈ। ਜ਼ਿਕਰਯੋਗ ਹੈ ਕਿ ਹਰਨਾਜ਼ ਨੇ ਕਾਲਜ ਤੋਂ



ਆਈਟੀ ਵਿੱਚ ਗਰੈਜੂਏਸ਼ਨ ਕੀਤੀ ਹੈ ਅਤੇ ਉਹ ਹੁਣ ਪਬਲਿਕ ਐਡਮਨਿਸਟਰੇਸ਼ਨ ਵਿਚ ਮਾਸਟਰ ਡਿਗਰੀ ਕਰ ਰਹੀ ਹੈ। ਉਹ ਇਸ ਤੋਂ ਪਹਿਲਾਂ ਮਿਸ ਫਰੈਸ਼ ਫੇਸ-2017 ਰਹਿ ਚੁੱਕੀ ਹੈ ਤੇ ਮਿਸ ਇੰਡੀਆ ਵਰਲਡ-2020 ਦੀਆਂ ਸਿਖਰਲੀਆਂ 20 ਫਾਈਨਲਿਸਟਾਂ ਵਿੱਚ ਵੀ ਸ਼ੁਮਾਰ ਰਹੀ ਹੈ। ਇਸ ਤੋਂ ਇਲਾਵਾ ਉਸ ਨੂੰ ਟਾਈਮਜ਼ ਫਰੈਸ਼ ਫੇਸ-2017, ਮਿਸ ਚੰਡੀਗੜ੍ਹ ਐਵਾਰਡ ਮਿਲ ਚੁੱਕੇ ਹਨ। ਉਸ ਨੇ ਮੁੰਬਈ ਵਿੱਚ ਕੌਮੀ ਪੱਧਰ 'ਤੇ ਚੰਡੀਗੜ੍ਹ ਦੀ ਨੁਮਾਇੰਦਗੀ ਕੀਤੀ। ਉਹ ਅਗਲੇ ਸਾਲ ਰਿਲੀਜ਼ ਹੋਣ ਵਾਲੀ ਪੰਜਾਬੀ ਫਿਲਮ ਵਿਚ ਵੀ ਨਜ਼ਰ ਆਵੇਗੀ। ਉਸ ਨੇ ਫੈਬ ਕਲਰਜ਼ ਫੈਮਿਨਾ ਮਿਸ ਇੰਡੀਆ ਪੰਜਾਬ 2019 ਅਤੇ ਮਿਸ ਦੀਵਾ ਦਾ ਖਿਤਾਬ ਜਿੱਤਿਆ ਹੈ। ਇਸ ਤੋਂ ਇਲਾਵਾ ਉਸ ਨੇ ਯੂਥ ਫੈਸਟੀਵਲ ਦੇ ਮੁਕਾਬਲਿਆਂ ਵਿੱਚ ਵੀ ਨਾਮਣਾ ਖੱਟਿਆ ਹੈ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਜੋੜੇ ਨੇ ਅਲਬਰਟਾ ਤੇ ਬੀਸੀ ਦੇ ਨਿਵੇਸ਼ਕਾਂ ਨਾਲ 1.3 ਮਿਲੀਅਨ ਡਾਲਰ ਦੀ ਕੀਤੀ ਧੋਖਾਧੜੀ

ਐਡਮਿੰਟਨ-ਅਲਬਰਟਾ ਤੇ ਬੀਸੀ ਵਿਚ ਪੀੜਤਾਂ ਨਾਲ 10 ਲੱਖ ਡਾਲਰ ਤੋਂ ਵੀ ਵੱਧ ਰਕਮ ਦਾ ਧੋਖਾ ਕਰਨ ਵਾਲੇ ਪਤੀ ਤੇ ਪਤਨੀ ਖਿਲਾਫ ਕੈਨੇਡਾ ਵਿਅਪੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਹਨ। 65 ਸਾਲਾ ਫੇਰਨਾਂਡੋ ਹੋਨੋਰੇਟ ਡੀ ਸਿਲਵਾ ਫੈਗੁੰਡਸ ਅਤੇ 40 ਸਾਲਾ ਐਮਿਲਾ ਐਲਸ-ਐਸ ਐਲਨਸਨ ਦਾ ਕੋਈ ਪੱਕਾ ਟਿਕਾਣਾ ਨਹੀਂ ਤੇ ਉਹ ਧੋਖਾਧੜੀ, 5000 ਡਾਲਰ ਦੀ ਚੋਰੀ ਅਤੇ ਕਮਾਈ ਦੀ ਲਾਂਡਰਿੰਗ ਸਮੇਤ ਤਿੰਨ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਜਾਂਚ ਅਧਿਕਾਰੀਆਂ ਦਾ ਕਹਿਣਾ ਕਿ ਜੋੜਾ ਕੇਲੋਵਨਾ ਵਿਚ ਹੋ ਸਕਦਾ ਹੈ। ਪੁਲਿਸ ਨੇ ਦੋਸ਼ ਲਗਾਇਆ ਕਿ ਜੋੜਾ ਮਿਲਰਵਿਲ ਅਲਚਾ ਵਿਚ ਆਧਾਰਤ ਫੈਮਿਲੀ ਫਸਟ ਡਾਈਨੈਸਟੀ ਇੰਕ ਵਜੋਂ ਜਾਣੀ ਜਾਂਦੀ ਕੰਪਨੀ ਤਹਿਤ ਨਿਵੇਸ਼ ਘੁਟਾਲਾ ਕਰ ਰਿਹਾ ਸੀ। ਜੋੜੇ ਨੇ ਆਪਣੇ ਪੀੜਤਾਂ ਤੋਂ ਕੁਲ 1.3 ਮਿਲੀਅਨ ਡਾਲਰ ਇਕੱਠੇ ਕੀਤੇ ਅਤੇ ਜਾਂਚ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਫੈਗੁੰਡਸ ਨੇ ਸ਼ਾਇਦ ਪੁਰਤਗਾਲ, ਅਮਰੀਕਾ, ਸਸਕੈਚਵਨ ਅਤੇ ਓਨਟਾਰੀਓ ਵਿਚ ਵੀ ਇਸ ਤਰ੍ਹਾਂ ਦੀ ਧੋਖਾਧੜੀ ਕੀਤੀ ਹੈ। ਜੋੜਾ ਮਿਲਰਵਿਲ ਇਲਾਕੇ ਤੋਂ ਭੱਜ ਗਿਆ ਹੈ।

# ਦਿੱਲੀ ਸਰਕਾਰ ਵਲੋਂ 10 ਸਾਲ ਪੁਰਾਣੇ ਡੀਜਲ ਵਾਹਨਾਂ ਦੀ ਰਜਿਸਟਰੇਸ਼ਨ ਰੱਦ ਕਰਨ ਦਾ ਫੈਸਲਾ

ਨਵੀਂ ਦਿੱਲੀ-ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨਜੀਟੀ) ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਦਿੱਲੀ ਸਰਕਾਰ 1 ਜਨਵਰੀ 2022 ਨੂੰ 10 ਸਾਲ ਪੂਰੇ ਕਰ ਚੁੱਕੇ ਸਾਰੇ ਡੀਜ਼ਲ ਵਾਹਨਾਂ ਦੀ ਰਜਿਸਟਰੇਸ਼ਨ ਰੱਦ ਕਰ ਦੇਵੇਗੀ। ਹਾਲਾਂਕਿ, ਸਰਕਾਰ ਅਜਿਹੇ ਵਾਹਨਾਂ ਲਈ ਕੋਈ ਇਤਰਾਜ਼ ਨਹੀਂ ਸਰਟੀਫਿਕੇਟ (ਐਨਓਸੀ) ਜਾਰੀ ਕਰੇਗੀ ਤਾਂ ਜੋ ਉਨ੍ਹਾਂ ਨੂੰ ਹੋਰ ਥਾਵਾਂ ਤੇ ਦੁਬਾਰਾ ਰਜਿਸਟਰ ਕੀਤਾ ਜਾ ਸਕੇ। ਇਸ ਹਫਤੇ ਦੇ ਸ਼ੁਰੂ ਵਿੱਚ ਦਿੱਲੀ ਟਰਾਂਸਪੋਰਟ ਵਿਭਾਗ ਵੱਲੋਂ ਜਾਰੀ ਆਦੇਸ਼ ਅਨੁਸਾਰ ਅਜਿਹੇ ਡੀਜ਼ਲ ਵਾਹਨਾਂ ਲਈ ਕੋਈ ਐੱਨਓਸੀ ਜਾਰੀ ਨਹੀਂ ਕੀਤਾ ਜਾਵੇਗਾ ਜਿਨ੍ਹਾਂ ਦੀ ਰਜਿਸਟ੍ਰੇਸ਼ਨ 15 ਸਾਲ ਜਾਂ ਇਸ ਤੋਂ ਵੱਧ ਹੋ ਗਈ ਹੈ।

# ਭਾਜਪਾ ਦੇ ਗ੍ਰਹਿ ਰਾਜ ਮੰਤਰੀ ਮਿਸ਼ਰਾ ਨੂੰ ਬਰਖਾਸਤ ਕਰਨ ਦੀ ਮੰਗ ਨੂੰ ਲੈਕੇ ਸੰਸਦ ਵਿਚ ਹੰਗਾਮਾ

ਨਵੀਂ ਦਿੱਲੀ-ਲਖੀਮਪੁਰ ਖੀਰੀ ਹਿੰਸਾ ਦੇ ਮਾਮਲੇ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੀ ਬਰਖਾਸਤਗੀ ਲਈ ਕਾਂਗਰਸ ਅਤੇ ਕੁਝ ਹੋਰ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਵੱਲੋਂ ਕੀਤੇ ਹੰਗਾਮੇ ਕਾਰਨ ਅੱਜ ਲੋਕ ਸਭਾ ਤੇ ਰਾਜ ਸਭਾ ਦੀ ਕਾਰਵਾਈ ਨੂੰ ਬਾਅਦ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤਾ ਗਿਆ। ਰਾਜ ਸਭਾ 'ਚ 12 ਮੈਂਬਰਾਂ ਨੂੰ ਬਹਾਲ ਕਰਨ ਦੀ ਵੀ ਮੰਗ ਕੀਤੀ ਗਈ। ਰਾਜ ਸਭਾ ਜਦੋਂ ਮੁੜ ਜੁੜੀ ਤਾਂ ਹੰਗਾਮਾ ਜਾਰੀ ਰਿਹਾ ਤੇ ਉਸ ਨੂੰ ਬਾਕੀ ਦੇ ਦਿਨ ਵੀ ਉਠਾਅ ਦਿੱਤਾ ਗਿਆ। ਅਜਿਹੇ ਹਾਲਾਤ ਲੋਕ ਸਭਾ 'ਚ ਵੀ ਰਹੇ ਤੇ ਉਸ ਨੂੰ ਵੀ ਦਿਨ ਭਰ ਲਈ ਉਠਾਅ ਦਿੱਤਾ ਗਿਆ।



# ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਵਿਖੇ ਨਸਲਵਾਦ ਉਪਰ ਸੈਮੀਨਾਰ ਕਰਵਾਇਆ

ਸਰੀ (ਹਰਦਮ ਮਾਨ)-ਰਿਚਮੰਡ ਮਲਟੀਕਲਚਰਲ ਕਮਿਊਨਿਟੀ ਸਰਵਿਸਜ ਸੁਸਾਇਟੀ ਅਤੇ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਵੱਲੋਂ ਗੁਰਦੁਆਰਾ ਨਾਨਕ ਨਿਵਾਸ ,ਨੰਬਰ ਪੰਜ ਰੋਡ ਰਿਚਮੰਡ ਵਿਖੇ ਨਸਲਵਾਦ ਉਪਰ ਸੈਮੀਨਾਰ ਕਰਵਾਇਆ। ਇਸ ਸੈਮੀਨਾਰ ਵਿਚ ਬੋਲਦਿਆਂ ਬਲਵੰਤ ਸਿੰਘ ਸੰਘੇੜਾ ਅਤੇ ਰਾਜਿੰਦਰ ਸਿੰਘ ਪੰਧੇਰ ਨੇ ਕਿਹਾ ਕਿ ਕੈਨੇਡਾ ਇਕ ਬਹੁਤ ਹੀ ਸੁੰਦਰ,ਮਲਟੀਕਲਚਰਲ,ਸਭਿਅਕ ਅਤੇ ਅਗਾਂਹਵਧੂ ਦੇਸ਼ ਹੈ। ਇਥੇ ਦੁਨੀਆਂ ਦੇ ਹਰ ਹਿੱਸੇ ਵਿੱਚੋਂ ਆਏ ਲੋਕ ਇਸ ਨੂੰ ਬੇਹਤਰ ਬਨਾਉਣ ਲਈ ਆਪਣਾ ਯੋਗਦਾਨ ਪਾ ਰਹੇ ਹਨ। ਪਰ ਦੁੱਖ ਦੀ ਗੱਲ ਹੈ ਕਿ ਪਿਛਲੇ ਕੁਝ ਸਮੇਂ ਤੋਂ ਕੈਨੇਡਾ ਵਿਚ ਨਸਲਵਾਦ ਫਿਰ ਸਿਰ ਚੁੱਕ ਰਿਹਾ ਹੈ। ਸੈਮੀਨਾਰ ਦੇ ਵੱਖ ਵੱਖ ਬੁਲਾਰਿਆਂ ਅਨੁਸਾਰ ਨਸਲਵਾਦ ਦੇ ਕੁਝ ਕਾਰਨ, ਅਗਿਆਨ, ਬੇਸਮਝੀ ,ਬਿਨਾਂ ਵਜ੍ਹਾ ਡਰ ਅਤੇ ਆਤਮ ਵਿਸ਼ਵਾਸ ਦੀ ਘਾਟ ਹੋ ਸਕਦੀ ਹੈ। ਕੋਰੋਨਾ ਵਾਇਰਸ ਅਤੇ ਐਂਟੀ ਵੈਕਸੀਨ ਵਰਗੀਆਂ ਜਥੇਬੰਦੀਆਂ ਨੇ ਨਸਲਵਾਦ ਨੂੰ ਹੋਰ ਭੀ ਭੜਕਾ ਦਿੱਤਾ ਹੈ। ਇਸ ਲਈ ਸਾਨੂੰ ਸਭ ਨੂੰ ਇਕੱਠੇ ਹੋ ਕੇ ਇਸ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਇਕ ਦੂਸਰੇ ਨਾਲ ਸੰਪਰਕ ਰੱਖੀਏ ,ਇਕ ਦੂਸਰੇ ਲਈ ਖੜੇ ਹੋਈਏ ਅਤੇ ਰਲ ਮਿਲ ਕੇ ਨਸਲਵਾਦ ਦਾ ਮੁਕਾਬਲਾ ਕਰੀਏ। ਇਸ ਸਿਲਸਲੇ ਵਿਚ ਕਾਫੀ ਜਥੇਬੰਦੀਆਂ ਵਚਨਬੱਧ ਹਨ ਅਤੇ ਉਨ੍ਹਾਂ ਜਥੇਬੰਦੀਆਂ ਦਾ ਸਾਥ ਦੇ ਕੇ, ਇਕ ਦੂਸਰੇ ਨਾਲ ਆਪਣੀ ਸਾਂਝ ਵਧਾ ਕੇ, ਹਰ ਇਕ ਕਮਿਊਨਿਟੀ ਵਿਚ ਨਸਲਵਾਦ ਵਿਰੁੱਧ ਲੜਨ ਵਾਲੇ ਯੋਗ ਚੈਂਪੀਅਨ ਪੈਦਾ ਕਰਕੇ ਇਸ ਨੂੰ ਖਤਮ ਕੀਤਾ ਜਾ ਸਕਦਾ ਹੈ। ਨਸਲਵਾਦ ਅਤੇ ਨਫਰਤ ਭਰੇ ਵਰਤਾਰੇ ਖਿਲਾਫ ਖੜੇ ਹੋਣਾ ਅਤੇ ਆਵਾਜ਼ ਬੁਲੰਦ ਕਰਨਾ ਸਾਡਾ ਸਭ ਦਾ ਫਰਜ਼ ਹੈ। ਬੁਲਾਰਿਆਂ ਨੇ ਹਰ ਇਕ ਕੈਨੇਡੀਅਨ ਨੂੰ ਸੱਦਾ ਦਿੱਤਾ ਕਿ ਨਸਲਵਾਦ ਦਾ ਮੁਕਾਬਲਾ ਕਰਕੇ ਕੈਨੇਡਾ ਨੂੰ ਹੋਰ ਵੀ ਚੰਗਾ ਦੇਸ਼ ਬਨਾਉਣ ਵਿਚ ਸਭ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਅੰਤ ਵਿਚ ਬਲਵੰਤ ਸਿੰਘ ਸੰਘੇੜਾ ਨੇ ਸੈਮੀਨਾਰ ਵਿਚ ਹਿੱਸ ਲੈਣ ਵਾਲਿਆਂ ਧੰਨਵਾਦ ਕੀਤਾ।

# ਬ੍ਰਾਇਨ ਜੀਨ ਨੇ ਨੌਮੀਨੇਸ਼ਨ ਜਿੱਤੀ



ਕੈਲਗਰੀ (ਕਮਲਜੀਤ ਬੁੱਟਰ)-ਬ੍ਰਾਇਨ ਜੀਨ ਨੇ ਫੋਰਟ ਮੈਕਮਰਿ-ਲੈਕ-ਲਾ-ਬੀਸ਼ ਰਾਇਡਿੰਗ ਤੋਂ 68% ਵੋਟਾਂ ਲੈ ਕੇ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਦੀ ਨੌਮਿਨੇਸ਼ਨ ਜਿੱਤ ਲਈ ਹੈ। ਜੇਸਨ ਕੈਨੀ ਦੇ ਸਮਰਥਨ ਦਾ ਉਮੀਦਵਾਰ ਜੋਸ਼ੁਆ ਗੋਗੋ ਚੋਣ ਹਾਰ ਗਿਆ ਹੈ। ਕੈਨੀ ਦੇ ਪਾਰਟੀ ਲੀਡਰ ਬਣਨ ਮਗਰੋਂ ਉਹਨਾਂ ਦੀ ਪਾਰਟੀ ਅੰਦਰ ਇਹ ਪਹਿਲੀ ਹਾਰ ਹੋਈ ਹੈ। ਬ੍ਰਾਇਨ ਜੀਨ, ਜੇਸਨ ਕੈਨੀ ਨੂੰ ਅਸਤੀਫਾ ਦੇ ਕੇ ਲਾਂਭੇ ਹੋ ਜਾਣ ਦੇ ਪਲੈਟਫੌਰਮ 'ਤੇ ਚੋਣ ਮੈਦਾਨ ਵਿੱਚ ਸਨ। ਇਹ ਸੀਟ ਐਮਐਲਏ ਲਾਇਲਾ ਗੁਡਰਿਜ ਵੱਲੋਂ ਐਮਪੀ ਬਣ ਜਾਣ ਕਾਰਨ ਅਸਤੀਫਾ ਦੇਣ ਦੇ ਚਲਦਿਆਂ ਖਾਲੀ ਹੋਈ ਸੀ।

# ਸਿਆਸਤ ਵਿਚ ਕੁੱਦਣ ਸਬੰਧੀ ਕਿਸਾਨ ਜਥੇਬੰਦੀਆਂ ਦੀਆਂ ਸੁਰਾਂ ਵੱਖ-ਵੱਖ

ਸ.ਫਾ 1 ਦੀ ਬਾਕੀ

ਅਗਲੇਰੇ ਪੜਾਅ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ 15 ਜਨਵਰੀ ਨੂੰ ਕਿਸਾਨ ਜਥੇਬੰਦੀਆਂ ਦੀ ਹੋਣ ਵਾਲੀ ਮੀਟਿੰਗ ਵਿਚ ਇਸ ਸਬੰਧੀ ਫੈਸਲਾ ਕੀਤਾ ਜਾਵੇਗਾ।

## ਕਿਸਾਨ ਸੰਘਰਸ਼ ਅਜੇ ਖਤਮ ਨਹੀ ਹੋਇਆ-ਉਗਰਾਹਾਂ

ਸੁਨਾਮ ਊਧਮ ਸਿੰਘ ਵਾਲਾ-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਇੱਥੋਂ ਦੀ ਅਨਾਜ ਮੰਡੀ ਵਿਚ ਜੇਤੂ ਰੈਲੀ ਕਰ ਕੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦਾ ਸਨਮਾਨ ਕੀਤਾ। ਜਥੇਬੰਦੀ ਦੇ ਜ਼ਿਲ੍ਹਾ ਆਗੂ ਜਸਵੰਤ ਸਿੰਘ ਤੋਲਾਵਾਲ ਦੀ ਅਗਵਾਈ ਹੇਠ ਹੋਈ ਰੈਲੀ ਨੂੰ ਸੰਬੋਧਨ ਕਰਦਿਆਂ ਉਗਰਾਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਲੋਕ ਰੋਹ ਅੱਗੇ ਝੁਕਣਾ ਪਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਕਿ ਉਨ੍ਹਾਂ ਦਾ ਸੰਘਰਸ਼ ਅਜੇ ਖਤਮ ਨਹੀਂ ਹੋਇਆ। ਕੇਂਦਰ ਤੋਂ ਬਾਅਦ ਹੁਣ ਪੰਜਾਬ ਸਰਕਾਰ ਨਾਲ ਲੜਾਈ ਸ਼ੁਰੂ ਹੋਵੇਗੀ। ਉਨ੍ਹਾਂ ਕਿਹਾ ਕਿ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ, ਪੀੜਤ ਪਰਿਵਾਰਾਂ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਅਤੇ ਕਰਜ਼ੇ ਮੁਆਫ਼ੀ ਵਰਗੇ ਮੁੱਦੇ ਜਿਉਂ ਦੇ ਤਿਉਂ ਖੜ੍ਹੇ ਹਨ।

## ਕਿਸਾਨ ਘੋਲ ਦਾ ਪਹਿਲਾ ਪੜਾਅ ਸਮਾਪਤ

ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਮੁਤਾਬਕ ਪੰਜਾਬ ਵਿੱਚ ਚੱਲ ਰਹੇ ਪੱਕੇ ਮੋਰਚਿਆਂ ਵਿੱਚ ਭਾਰੀ ਗਿਣਤੀ ਵਿੱਚ ਇਕੱਠ ਕਰਕੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਜੇਤੂ ਜਸ਼ਨ ਮਨਾਉਂਦਿਆਂ ਮੋਦੀ ਸਰਕਾਰ ਤੇ ਸਾਮਰਾਜੀ ਕਾਰਪੋਰੇਟਾਂ ਦੇ ਗੱਠਜੋੜ ਵਿਰੁੱਧ ਲਾਮਿਸਾਲ ਸਾਂਝੇ ਘੋਲ ਦਾ ਪਹਿਲਾ ਪੜਾਅ ਸਮਾਪਤ ਕਰ ਦਿੱਤਾ ਗਿਆ ਪ੍ਰੰਤੂ 7 ਜ਼ਿਲ੍ਹਿਆਂ ਦੇ 9 ਟੌਲ ਪਲਾਜ਼ਿਆਂ ਦੇ ਘਿਰਾਓ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ। ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਅੱਜ 13 ਜ਼ਿਲ੍ਹਿਆਂ 'ਚ 39 ਪੱਕੇ ਮੋਰਚਿਆਂ ਸਮੇਤ 40 ਥਾਵਾਂ 'ਤੇ ਵੱਡੀ ਗਿਣਤੀ ਲੋਕ ਸ਼ਾਮਲ ਹੋਏ। ਜਥੇਬੰਦੀ ਵੱਲੋਂ ਕੌਮੀ ਤੇ ਰਾਜ ਮਾਰਗਾਂ ਦੀਆਂ ਟੌਲ ਕੰਪਨੀਆਂ ਦੁਆਰਾ ਰੇਟਾਂ ਵਿਚ ਕੀਤੇ ਗਏ ਵਾਧੇ ਖਿਲਾਫ਼ ਰੋਸ ਵਜੋਂ ਟੌਲ ਘਿਰਾਓ ਮੋਰਚੇ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ। ਕਿਸਾਨ ਆਗੂਆਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਇਨ੍ਹਾਂ ਮੰਗਾਂ ਦੇ ਹੱਲ ਸਬੰਧੀ ਜਥੇਬੰਦੀ ਦੇ ਆਗੂਆਂ ਨਾਲ ਗੱਲਬਾਤ ਰੱਖੀ ਗਈ ਮੀਟਿੰਗ ਮੁਲਤਵੀ ਕਰਨ ਦੀ ਸਖਤ ਨਿੰਦਾ ਕੀਤੀ। ਉਨ੍ਹਾਂ ਨੇ ਦੱਸਿਆ ਕਿ ਹੁਣ ਇਨ੍ਹਾਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਵਿਰੁੱਧ ਘੋਲ ਪ੍ਰੋਗਰਾਮ ਦਾ ਐਲਾਨ 17 ਦਸੰਬਰ ਨੂੰ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਕਰਕੇ ਕੀਤਾ ਜਾਵੇਗਾ।









# ਗੁਰਪ੍ਰੀਤ ਸਿੰਘ ਦੀ ਸਿੱਖ ਨਸਲਕੁਸ਼ੀ 1984 ਬਾਰੇ ਕਿਤਾਬ 20 ਦਸੰਬਰ ਨੂੰ ਸਰੀ 'ਚ ਲੋਕ ਅਰਪਣ

ਸਰੀ : ਸਿੱਖ ਨਸਲਕੁਸ਼ੀ ਦੇ ਦੁਖਾਂਤ ਬਾਰੇ ਲੇਖਕ ਅਤੇ ਪੱਤਰਕਾਰ ਗੁਰਪ੍ਰੀਤ ਸਿੰਘ ਦੀ ਨਵ-ਪ੍ਰਕਾਸ਼ਿਤ ਕਿਤਾਬ, 'ਨੋਟਸ ਔਨ 1984' 20 ਦਸੰਬਰ, ਦਿਨ ਸੋਮਵਾਰ ਨੂੰ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ- ਡੈਲਟਾ ਵਿਖੇ ਸਥਿਤ 'ਗੁਰੂ ਨਾਨਕ ਨਿਵਾਸ ਸੀਨੀਅਰ ਸੈਂਟਰ' ਵਿਖੇ, ਦੁਪਹਿਰ 12 ਵਜੇ ਲੋਕ ਅਰਪਣ ਕੀਤੀ ਜਾਵੇਗੀ। ਇਸ ਕਿਤਾਬ ਰਾਹੀਂ ਲੇਖਕ ਨੇ ਸਿੱਖ ਨਸਲਕੁਸ਼ੀ ਦੇ ਮੁੱਦੇ ਨੂੰ ਉਭਾਰਦਿਆਂ, ਕੌਮਾਂਤਰੀ ਮੰਚ 'ਤੇ ਇਸ ਦੀ ਨਸਲਕੁਸ਼ੀ ਵਜੋਂ ਮਾਨਤਾ ਲਈ ਆਵਾਜ਼ ਉਠਾਈ ਹੈ। ਗੁਰਪ੍ਰੀਤ ਸਿੰਘ ਨੇ ਸਿੱਖਾਂ ਦੀ ਨਸਲਕੁਸ਼ੀ ਦੇ ਮੁੱਦੇ ਦਾ ਮੁਲਾਂਕਣ ਕੌਮਾਂਤਰੀ ਪੱਧਰ ਦੇ ਘੱਲੂਘਾਰਿਆਂ ਅਤੇ ਨਸਲਕੁਸ਼ੀਆਂ ਨੂੰ ਸਾਹਮਣੇ ਰੱਖ ਕੇ ਕੀਤਾ ਹੈ। ਲੇਖਕ ਅਨੁਸਾਰ ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਕੀਤੀ ਸਿੱਖ ਨਸਲਕੁਸ਼ੀ 1984 ਦੀ ਤਰਜ਼ ਉੱਤੇ ਹੀ, ਗੁਜਰਾਤ ਵਿੱਚ 2002 ਵਿੱਚ ਭਾਜਪਾ ਸਰਕਾਰ ਨੇ ਮੁਸਲਿਮ ਕਤਲੇਆਮ ਅਤੇ ਫਿਰ ਉੜੀਸਾ ਵਿੱਚ ਇਸਾਈਆਂ ਦੇ ਕਤਲ ਅਤੇ ਹੋਰ ਘੱਟ ਗਿਣਤੀਆਂ, ਮੂਲਨਿਵਾਸੀਆਂ ਅਤੇ ਦਲਿਤਾਂ ਤੇ ਜਬਰ ਕੀਤੇ ਅਤੇ ਅੱਜ ਵੀ ਹੋ ਰਹੇ ਹਨ। 'ਚੇਤਨਾ ਪ੍ਰਕਾਸ਼ਨ' ਵੱਲੋਂ ਛਾਪੀ ਗਈ ਇਹ ਕਿਤਾਬ ਮਰਹੂਮ ਪੱਤਰਕਾਰ ਅਤੇ ਐਕਟਵਿਸਟ ਜਰਨੈਲ ਸਿੰਘ ਨੂੰ ਸਮਰਪਿਤ ਕੀਤੀ ਗਈ ਹੈ, ਜਿਨ੍ਹਾਂ ਦਿੱਲੀ ਵਿਧਾਨ ਸਭਾ 'ਚ 'ਸਿੱਖ ਕਤਲੇਆਮ 1984' ਦਾ ਮਤਾ ਪਾਸ ਕਰਵਾਇਆ ਸੀ। ਇੰਡੀਅਨ ਸਟੇਟ ਦੇ ਜਬਰ ਬਾਰੇ, ਬੇਬਾਕੀ ਨਾਲ ਲਿਖਣ ਵਾਲੇ ਗੁਰਪ੍ਰੀਤ ਸਿੰਘ ਵੱਲੋਂ, ਇਸ ਮੌਕੇ 'ਤੇ ਸਭ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

# ਬੀ.ਸੀ. ਦੀਆਂ 1,300 ਸਕੂਲ ਸਲਾਹਕਾਰ ਕੌਂਸਲਾਂ ਨੂੰ ਮਿਲੇਗੀ 11 ਮਿਲੀਅਨ ਡਾਲਰ ਦੀ ਗਰਾਂਟ

ਸਰੀ (ਹਰਦਮ ਮਾਨ)-ਬ੍ਰਿਟਿਸ਼ ਕੋਲੰਬੀਆ ਦੇ ਸਕੂਲ ਵਿਦਿਆਰਥੀਆਂ ਦੀ ਸਮਾਜਿਕ,ਸੱਭਿਆਚਾਰਕ ਅਤੇ ਸਰੀਰਕ ਸਿਹਤ ਲਈ ਲਾਭ ਪਹੁੰਚਾਉਣ ਵਾਲੀਆਂ ਗਤੀਵਿਧੀਆਂ ਲਈ ਪੇਰੈਂਟ ਐਡਵਾਈਜ਼ਰੀ ਕੌਂਸਲਾਂ ਅਤੇ ਡਿਸਟ੍ਰਿਕਟ ਪੇਰੈਂਟ ਐਡਵਾਈਜ਼ਰੀ ਕੌਂਸਲਾਂ ਰਾਹੀਂ ਹਰ ਸਾਲ ਫੰਡ ਦਿੱਤੇ ਜਾਂਦੇ ਹਨ ਅਤੇ ਇਸ ਸਾਲ 1,300 ਤੋਂ ਵੱਧ ਸਕੂਲ ਸਲਾਹਕਾਰ ਕੌਂਸਲਾਂ ਨੂੰ ਕਮਿਊਨਿਟੀ ਗੇਮਿੰਗ ਗ੍ਰਾਂਟਸ ਲਈ ਲਗਭਗ 11 ਮਿਲੀਅਨ ਡਾਲਰ ਦਿੱਤੇ ਜਾ ਰਹੇ ਹਨ। ਇਹ ਪ੍ਰਗਟਾਵਾ ਕਰਦਿਆਂ ਸਰੀ ਪੈਨੋਰਮਾ ਦੇ ਨਿਊ ਡੈਮੋਕਰੇਟ ਵਿਧਾਇਕ ਜਿਨੀ ਸਿਮਸ ਨੇ ਕਿਹਾ ਕਿ ਸੂਬੇ ਦੇ ਕਮਿਊਨਿਟੀ ਗੇਮਿੰਗ ਗ੍ਰਾਂਟਸ ਪ੍ਰੋਗਰਾਮ ਰਾਹੀਂ ਫੰਡਿੰਗ ਸਕੂਲਾਂ ਵਿੱਚ ਬੱਚਿਆਂ ਲਈ ਸਥਾਨਕ ਸਿੱਖਣ ਦੇ ਮੌਕਿਆਂ ਅਤੇ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਨੂੰ ਸਮਰਥਨ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਮਹਾਂਮਾਰੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਵਿਦਿਆਰਥੀਆਂ ਲਈ ਇੱਕ ਸਿਹਤਮੰਦ ਅਤੇ ਲਾਭਕਾਰੀ ਸਕੂਲ ਅਨੁਭਵ ਲਈ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਕਿੰਨੀਆਂ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੌਜਵਾਨਾਂ ਨੂੰ ਸਕੂਲ ਅਤੇ ਜੀਵਨ ਵਿੱਚ ਪ੍ਰਫੁੱਲਤ ਹੋਣ ਲਈ ਲੋੜੀਂਦੀ ਸਹਾਇਤਾ ਦੇ ਰਹੀ ਹੈ। ਸਾਡੇ ਬੱਚਿਆਂ ਵਿੱਚ ਨਿਵੇਸ਼ ਕਰਨਾ ਨਾ ਸਿਰਫ ਉਨ੍ਹਾਂ ਲਈ ਚੰਗਾ ਹੈ ਸਗੋਂ ਸਿਹਤਮੰਦ



ਭਾਈਚਾਰਿਆਂ ਦੇ ਨਿਰਮਾਣ ਲਈ ਵੀ ਚੰਗਾ ਹੈ। ਸਰੀ ਵਿੱਚ, 116 ਗਰੁੱਪਾਂ ਨੂੰ 926,000 ਤੋਂ ਵੱਧ ਫੰਡ ਵੰਡੇ ਜਾ ਰਹੇ ਹਨ ਅਤੇ ਪੂਰੇ ਸੂਬੇ ਵਿੱਚ ਸਾਲ 2021-22 ਲਈ 1,300 ਤੋਂ ਵੱਧ ਸਲਾਹਕਾਰ ਕੌਂਸਲਾਂ ਨੂੰ 10.17 ਮਿਲੀਅਨ ਤੋਂ ਵੱਧ ਫੰਡ ਦਿੱਤੇ ਜਾ ਰਹੇ ਹਨ।

# ਰੀਐਲਟਰ ਸਮੀਰ ਕੌਸ਼ਲ ਤੇ ਅੰਕੁਰ ਕੌਸ਼ਲ ਟੌਪ 3 ਰੀਐਲਟਰ ਵਜੋ ਸਨਮਾਨਿਤ

ਵੈਨਕੂਵਰ- ਬੀਤੇ ਦਿਨ ਸੈਂਚੁਰੀ 21 ਰੀਐਲਟੀ ਦੀ ਗਾਲਾ ਨਾਈਟ ਦੌਰਾਨ ਰੀਐਲਟਰ ਸਮੀਰ ਕੌਸ਼ਲ ਅਤੇ ਅੰਕੁਰ ਕੌਸ਼ਲ ਨੂੰ ਸਾਲ 2021 ਦੀ ਬੇਹਤਰੀਨ ਕਾਰਗੁਜ਼ਾਰੀ ਲਈ ਟੌਪ 3 ਰੀਐਲਟਰ ਵਜੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰੀਐਲਟਰ ਸਮੀਰ ਕੌਸ਼ਲ ਨੇ ਆਪਣੀ ਇਸ ਪ੍ਰਾਪਤੀ ਲਈ ਆਪਣੇ ਗਾਹਕਾਂ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

# ਕੌਮਾਂਤਰੀ ਯਾਤਰਾ ਲਈ ਕੰਸਰਵੇਟਿਵ ਐਮ ਪੀਜ਼ ਨੂੰ ਖੁੱਲ ਪਰ ਲਿਬਰਲ ਤੇ ਐਨ ਡੀ ਪੀ ਨੇ ਆਪਣੇ ਮੈਂਬਰਾਂ ਨੂੰ ਰੋਕਿਆ

ਓਟਵਾ -ਫੈਡਰਲ ਕੰਸਰਵੇਟਿਵ ਪਾਰਟੀ ਨੇ ਆਪਣੇ ਐਮ ਪੀਜ ਨੂੰ ਛੁੱਟੀਆਂ ਦੌਰਾਨ ਅੰਤਰਰਾਸ਼ਟਰੀ ਯਾਤਰਾ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ ਜਦਕਿ ਲਿਬਰਲ ਅਤੇ ਐਨਡੀਪੀ ਐਮ ਪੀਜ਼ ਨੂੰ ਘਰ ਰਹਿਣ ਲਈ ਕਿਹਾ ਗਿਆ ਹੈ। ਪਿਛਲੇ ਸਾਲ ਵੱਖ-ਵੱਖ ਛੁੱਟੀਆਂ ਦੇ ਸਥਾਨਾਂ 'ਤੇ ਜਾਣ ਵਾਲੇ ਸਿਆਸਤਦਾਨਾਂ ਨੇ ਬਹੁਤ ਧਿਆਨ ਖਿੱਚਿਆ ਸੀ ਕਿਉਂਕਿ ਸੰਘੀ ਅਤੇ ਸੂਬਾਈ ਸਰਕਾਰਾਂ ਨੇ ਕੈਨੇਡੀਅਨਾਂ ਨੂੰ ਕਿਹਾ ਸੀ ਕਿ ਉਹ ਵੱਧ ਰਹੇ ਕੋਵਿਡ-19 ਕੇਸਾਂ ਦੇ ਭਾਰ ਦਾ ਮੁਕਾਬਲਾ ਕਰਨ ਲਈ ਆਪਣੀ ਯਾਤਰਾ ਕਰਨ ਦਾ ਖਿਆਲ ਛੱਡ ਦੇਣ। ਫੈਡਰਲ ਲਿਬਰਲ ਸਰਕਾਰ ਨੇ ਬੁੱਧਵਾਰ ਨੂੰ ਇੱਕ ਨਵੀਂ ਐਡਵਾਈਜ਼ਰੀ ਜਾਰੀ ਕਰਕੇ ਕੈਨੇਡੀਅਨਾਂ ਨੂੰ ਬਹੁਤ ਜ਼ਿਆਦਾ ਛੂਤ ਵਾਲੇ ਓਮਾਈਕਰੋਨ ਵੇਰੀਐਂਟ ਦੁਆਰਾ ਪੈਦਾ ਹੋਏ ਖਤਰੇ ਦੇ ਕਾਰਨ ਗੈਰ-ਜ਼ਰੂਰੀ ਅੰਤਰਰਾਸ਼ਟਰੀ ਯਾਤਰਾ ਤੋਂ ਬਚਣ ਦੀ ਅਪੀਲ ਕੀਤੀ ਹੈ।

# ਚਾਰ ਕੈਨੱਕਸ ਖਿਡਾਰੀਆਂ ਦਾ ਕੋਵਿਡ-19 ਟੈਸਟ ਪਾਜ਼ੇਟਿਵ

ਵੈਨਕੂਵਰ-ਵੈਨਕੂਵਰ ਦੇ ਚਾਰ ਕੈਨਕਸ ਖਿਡਾਰੀਆਂ ਲਿਊਕ ਸ਼ੈਨ, ਜੁਹੋ ਲੈਮਿਕੋ, ਬ੍ਰੈਡ ਹੱਟ ਅਤੇ ਟੱਕਰ ਪੂਲਮੈਨ ਦਾ ਕੋਵਿਡ-19 ਵਾਇਰਸ ਦਾ ਟੈਸਟ ਪਾਜ਼ੇਟਿਵ ਆਇਆ ਹੈ। ਸ਼ੈਨ ਤੇ ਲੈਮਿਕੋ ਦੇ ਪਾਜ਼ੇਟਿਵ ਟੈਸਟਾਂ ਦਾ ਟੀਮ ਦੀ ਸਵੇਰ ਦੀ ਸਕੇਟ ਤੋਂ ਪਹਿਲਾਂ ਐਲਾਨ ਕੀਤਾ ਗਿਆ ਜਦਕਿ ਹੰਟ ਦੇ ਪਾਜ਼ੇਟਿਵ ਟੈਸਟ ਦਾ ਐਲਾਨ ਮੰਗਲਵਾਰ ਸ਼ਾਮ ਦੀ ਖੇਡ ਬਨਾਮ ਕੋਲੰਬਸ ਬਲਿਊ ਜੈਕਟਸ ਤੋਂ ਥੋੜਾ ਪਹਿਲਾਂ ਕੀਤਾ ਗਿਆ। ਪੂਲਮੈਨ ਨੂੰ ਖੇਡ ਵਿਚੋਂ ਹਟਾ ਦਿੱਤਾ ਗਿਆ ਕਿਉਂਕਿ ਉਹ ਪਹਿਲੇ ਸਮੇਂ ਵਿਚ 5.37 ਪਹਿਲਾਂ ਹੀ ਖੇਡ ਚੁੱਕਾ ਸੀ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.
604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿੱਚਰਵਾਰ, 18 ਦਸੰਬਰ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

# ਕੈਨੇਡਾ ਵਿਚ ਔਸਤ ਘਰ ਦੀ ਕੀਮਤ ਸਭ ਤੋਂ ਉੱਚੇ ਪੱਧਰ 7,20850 ਡਾਲਰ ’ਤੇ ਪੁੱਜੀ






ਓਟਵਾ-ਕੈਨੇਡਾ ਦੇ ਹਾਊਸਿੰਗ ਬਾਜ਼ਾਰ ਵਿਚ ਚਲ ਰਹੀ ਤੇਜ਼ੀ ਨਵੰਬਰ ਵਿਚ ਹੋਰ ਵੀ ਵਧ ਗਈ ਕਿਉਂਕਿ ਔਸਤਨ ਘਰ ਦੀ ਕੀਮਤ ਰਿਕਾਰਡ 720850 ਡਾਲਰ ’ਤੇ ਪਹੁੰਚ ਗਈ ਹੈ। ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ (ਸੀਆਰਈਏ) ਵਲੋਂ ਜਾਰੀ ਅੰਕੜਿਆਂ ਮੁਤਾਬਿਕ ਮੌਸਮੀ ਤੌਰ ’ਤੇ ਅਨਐਡਜਸਟਿਡ ਅੰਕੜੇ ਨੇ ਮਾਰਚ ਵਿਚਲੇ ਤਹਿ 716828 ਡਾਲਰ ਰਿਕਾਰਡ ਨੂੰ ਮਾਤ ਦੇ ਦਿੱਤੀ ਕਿਉਂਕਿ ਸਪਲਾਈ ਤੇ ਮੰਗ ਵਿਚਕਾਰ ਅਸਾਵਾਂਪਨ ਕੀਮਤਾਂ ਨੂੰ ਚੁੱਕ ਰਿਹਾ ਹੈ। ਸੀਆਰਈਏ ਦੇ ਚੇਅਰ ਕਲਿਫ ਸਟੇਵਨਸਨ ਨੇ ਕਿਹਾ ਕਿ ਰਵਾਇਤੀ ਤੌਰ ’ਤੇ ਬਸੰਤ ਹਾਊਸਿੰਗ ਲਈ ਸਾਲ ਦਾ ਮੱਠੀ ਚਾਲ ਵਾਲਾ ਸਮਾਂ ਹੁੰਦਾ ਹੈ ਪਰ ਇਸ ਬਸੰਤ ਵਿਚ ਅਸੀਂ ਹਾਲਾਤ ਤੇ ਕੀਮਤਾਂ ਦਾ ਰੁਝਾਨ ਉਸੇ ਪੱਧਰ ਦਾ ਦੇਖਿਆ ਹੈ। ਦਸੰਬਰ ਤੇ ਜਨਵਰੀ ਵਿਚ ਚੀਜ਼ਾਂ ਥੋੜੀਆਂ ਸ਼ਾਂਤ ਹੋ ਸਕਦੀਆਂ ਹਨ ਪਰ ਅਗਲੇ ਸਾਲ ਦੀ ਬਸੰਤ ਮਾਰਕੀਟ ਬਿਨ੍ਹਾਂ ਸ਼ੱਕ ਦਿਲਚਸਪ ਹੋਣ ਵਾਲੀ ਹੈ। ਕੈਲਗਰੀ, ਐਡਮਿੰਟਨ, ਬ੍ਰਿਟਿਸ਼ ਕੋਲੰਬੀਆ ਇੰਟੀਰੀਅਰ, ਰੇਜੀਨਾ ਅਤੇ ਸਸਕਾਟੂਨ ਵਿਚ ਵਿਕਰੀ ਅਤੇ ਗਰੇਟਰ ਟੋਰਾਂਟੋ ਏਰੀਆ (ਜੀਟੀਏ) ਅਤੇ ਮਾਂਟਰੀਅਲ ਵਿਚ ਆਫਸੈੱਟ ਗਿਰਾਵਟ ਨਾਲ ਨਵੰਬਰ ਵਿਚ ਕੌਮੀ ਪੱਧਰ ’ਤੇ ਘਰਾਂ ਦੀ ਵਿਕਰੀ ਵਿਚ ਮਹੀਨਾ ਦਰ ਮਹੀਨਾ 0.6 ਫ਼ੀਸਦੀ ਦਾ ਵਾਧਾ ਹੋਇਆ ਹੈ। ਸੀਆਰਈਏ ਨੇ ਕਿਹਾ ਕਿ ਘਰ ਦੀ ਸਪਲਾਈ ਵਿਚ ਘਾਟ ਲਗਾਤਾਰ ਕੀਮਤਾਂ ਨੂੰ ਵਧਾ ਰਹੀ ਹੈ ਅਤੇ ਘਰ ਤਕ ਪਹੁੰਚ ਨੂੰ ਦਬਾਅ ਰਹੀ ਹੈ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**



**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555

SUNNY SANGHA Personal Real Estate Corporation

CENTURY 21 Coastal Realty Ltd.

Ram Johal
604-356-5555


www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY LAW CORPORATION

www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★

**4.9 STAR Google REVIEW !**

**Link! hughesco.com** *for reviews*

# 604.602.1828

MAIN OFFICE: 505-777 W. BROADWAY, VANCOUVER

SURREY OFFICE: 7164, 120 ST, SURREY ***(BY APPOINTMENT PLEASE)***

Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਦੀ ਸ਼ਹੀਦੀ



**ਵਰਿੰਦਰ ਕੌਰ**

ਸਾਹਿਬਜ਼ਾਦਾ ਫ਼ਤਹਿ ਸਿੰਘ ਦਾ ਜਨਮ 12 ਦਸੰਬਰ 1699 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਮਾਤਾ ਜੀਤੋ ਜੀ ਦੀ ਕੁੱਖੋਂ ਸ੍ਰੀ ਆਨੰਦਪੁਰ ਸਾਹਿਬ ਵਿਚ ਹੋਇਆ। ਆਨੰਦਪੁਰ ਛੱਡਣ ਪਿੱਛੋਂ ਸਰਸਾ ਨਦੀ 'ਤੇ ਪੂਰਾ ਪਰਿਵਾਰ ਵਿੱਛੜ ਗਿਆ। ਮਾਤਾ ਸੁੰਦਰੀ ਜੀ ਭਾਈ ਦਿਆ ਸਿੰਘ ਦੀ ਹਿਫਾਜ਼ਤ ਵਿਚ ਦਿੱਲੀ ਜਾ ਪੁੱਜੇ। ਗੁਰੂ ਜੀ ਦੇ ਮਾਤਾ ਗੁਜਰੀ ਜੀ ਦੋਵੇਂ ਸਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਨੂੰ ਨਾਲ ਲੈ ਕੇ ਆਪਣੇ ਘਰੇਲੂ ਰਸੋਈਏ ਗੰਗੂ ਸਮੇਤ ਸਿੰਘਾਂ ਦੇ ਜਥੇ ਨਾਲੋਂ ਨਿਖੜ ਗਏ ਤਾਂ ਰਸੋਈਆ ਗੰਗੂ ਉਨ੍ਹਾਂ ਨੂੰ ਪਿੰਡ ਸਹੇੜੀ ਵਿਚ ਆਪਣੇ ਘਰ ਲੈ ਆਇਆ। ਮਾਤਾ ਜੀ ਕੋਲ ਨਕਦੀ ਤੇ ਹੋਰ ਕੀਮਤੀ ਸਮਾਨ ਵੇਖ ਕੇ ਗੰਗੂ ਦੀ ਨੀਅਤ ਬਦਲ ਗਈ। ਉਹ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਵਾ ਕੇ ਸਰਹਿੰਦ ਦੇ ਸੂਬੇ ਪਾਸੋਂ ਇਨਾਮ ਅਤੇ ਸ਼ੋਹਰਤ ਲੈਣਾ ਚਾਹੁੰਦਾ ਸੀ। ਦੂਜੇ ਦਿਨ ਸੂਬੇ ਦੇ ਹੁਕਮ 'ਤੇ ਮਾਤਾ ਜੀ ਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਰਹਿੰਦ ਦੇ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ ਗਿਆ। ਵਜੀਦ ਖਾਂ ਸੂਬਾ ਸਰਹਿੰਦ ਨੇ ਕਾਜੀਆਂ ਦੀ ਬੈਠਕ ਬੁਲਾਈ ਅਤੇ ਇਨ੍ਹਾਂ ਨੂੰ ਸਜ਼ਾ ਦੇਣ ਬਾਰੇ ਉਨ੍ਹਾਂ ਤੋਂ ਸਲਾਹ ਲਈ ਗਈ। ਉਨ੍ਹਾਂ ਫੈਸਲਾ ਦਿੱਤਾ ਕਿ ਇਹ ਇਸਲਾਮ ਕਬੂਲ ਕਰ ਲੈਣ ਜਾਂ ਮੌਤ ਲਈ ਤਿਆਰ ਹੋ ਜਾਣ। ਮਲੇਰਕੋਟਲਾ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਇਸ ਸਭਾ ਵਿਚ ਮੌਜੂਦ ਸੀ, ਉਸ ਨੇ ਛੋਟੇ ਬੱਚਿਆਂ ਦੀ ਹਮਦਰਦੀ ਵਿਚ ਹਾਅ ਦਾ ਨਾਅਰਾ ਮਾਰਦਿਆਂ ਕਾਜੀਆਂ ਦੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਮਾਸੂਮ ਬੱਚਿਆਂ ਨੂੰ ਇਹ ਸਜ਼ਾ ਨਾ ਦਿੱਤੀ ਜਾਵੇ, ਉਸ ਦੀ ਦਲੀਲ ਸੀ ਕਿ 'ਇਨ੍ਹਾਂ ਮਾਸੂਮ ਤੇ ਬੇਗੁਨਾਹ ਬੱਚਿਆਂ ਨੇ ਕਿਸੇ ਦਾ ਕੀ ਵਿਗਾੜਿਆ ਹੈ ?' ਮਲੇਰਕੋਟਲਾ ਦੇ ਨਵਾਬ ਨੇ ਕਿਹਾ ਕਿ ਦੁਸ਼ਮਣੀ ਤਾਂ ਇਨ੍ਹਾਂ ਦੇ ਪਿਤਾ ਨਾਲ ਹੈ। ਵਜੀਦ ਖਾਂ ਵੀ ਮਲੇਰਕੋਟਲੇ ਦੇ ਨਵਾਬ ਦੀ ਇਸ ਦਲੀਲ ਨਾਲ ਸਹਿਮਤ ਹੋ ਗਿਆ ਸੀ। ਇਹ ਸਭ ਕੁਝ ਸੁਣ ਕੇ ਸੂਬੇ ਦਾ ਵਫਾਦਾਰ ਸੁੱਚਾ ਨੰਦ ਵਜ਼ੀਰ ਬੋਲਿਆ "ਨਵਾਬ ਸਾਹਿਬ ਤੁਸੀਂ ਇਹ ਭੁੱਲ ਰਹੇ ਹੋ ਕਿ ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਹੁੰਦੇ ਹਨ। ਦੁਸ਼ਮਣ ਦੇ ਪੁੱਤਰਾਂ 'ਤੇ ਤਰਸ ਕਰਕੇ ਛੱਡ ਦੇਣਾ ਕੀ ਭਲਮਾਣਸੀ ਹੈ ਅਤੇ ਤੁਸੀ ਇਸ ਸਮੇਂ ਇਨ੍ਹਾਂ ਨੂੰ ਸਜ਼ਾ ਦੇਣ ਤੋਂ ਰਿਆਇਤ ਕੀਤੀ ਤਾਂ ਇਹ ਆਪਣੇ ਪਿਤਾ ਨਾਲ ਰਲ ਕੇ ਤੁਹਾਡਾ ਜਿਉਣਾ ਹਰਾਮ ਕਰ ਦੇਣਗੇ।" ਸੂਬੇ ਨੂੰ ਸੁੱਚਾ ਨੰਦ ਵਲੋਂ ਦਿੱਤੀ ਗਈ ਇਸ ਸਲਾਹ ਦੀ ਸਭਾ 'ਚ ਬੈਠੇ ਕਾਜ਼ੀਆਂ ਨੇ ਵੀ ਹਮਾਇਤ ਕਰ ਦਿੱਤੀ ਤਾਂ ਸਹਿਬਜ਼ਾਦਿਆਂ ਨੂੰ ਮੌਤ ਜਾਂ ਇਸਲਾਮ ਕਬੂਲ ਕਰ ਲੈਣ ਦਾ ਫਤਵਾ ਸੁਣਾ ਦਿੱਤਾ। ਅਜਿਹਾ ਫਤਵਾ ਸੁਣ ਕੇ ਨਵਾਬ ਮਲੇਰਕੋਟਲਾ ਅਣਮਨੁੱਖੀ ਅਤੇ ਗੈਰ ਲੋਕਰਾਜ਼ੀ ਫਤਵੇ ਦੇ ਰੋਸ ਵਜੋਂ ਭਰੀ ਕਚਹਿਰੀ ਵਿਚੋਂ ਉੱਠ ਕੇ ਬਾਹਰ ਚਲਾ ਗਿਆ। ਕਾਜ਼ੀਆਂ ਨੇ ਉਨ੍ਹਾਂ ਨੂੰ ਦੁਬਾਰਾ ਫਿਰ ਆਪਣੀ ਜਾਨ ਬਚਾਉਣ ਲਈ ਇਸਲਾਮ ਕਬੂਲ ਕਰ ਲੈਣ ਦੀ ਸਲਾਹ ਦਿੱਤੀ ਪਰ ਉਨ੍ਹਾਂ ਬੜੇ ਹੌਂਸਲੇ ਤੇ ਬੁਲੰਦ ਅਵਾਜ਼ ਨਾਲ ਉਨ੍ਹਾਂ ਨੂੰ ਨਾਂਹ ਕਰ ਦਿੱਤੀ। ਉਨ੍ਹਾਂ ਸਾਹਮਣੇ ਕਾਜ਼ੀਆਂ ਦਾ ਫੈਸਲਾ ਰੱਖਿਆ ਗਿਆ, ਪਰ ਸਿਦਕ ਦੇ ਪੱਕੇ ਗੁਰੂ ਦੇ ਪੁੱਤਰਾਂ ਨੇ ਇਸਲਾਮ ਕਬੂਲਣ ਦੇ ਮੁਕਾਬਲੇ ਮੌਤ ਨੂੰ ਹੀ ਪਹਿਲ ਦਿੱਤੀ। ਇਸਲਾਮ ਧਰਮ ਨਾ ਕਬੂਲ ਕਰਨ 'ਤੇ ਮਾਸੂਮ ਤੇ ਬੇਕਸੂਰ ਨਿੱਕੀਆਂ ਜਿੰਦੜੀਆਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਸਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਕੇ ਆਖਿਰ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਦੋਨਾਂ ਨਿੱਕੀਆਂ ਜਿੰਦਾਂ ਨੂੰ ਸ਼ਹੀਦ ਕਰਕੇ ਸੂਬੇ ਨੇ ਸਮਝਿਆ ਕਿ ਉਸ ਨੇ ਸਿੱਖੀ ਦਾ ਖੁਰਾ ਖੋਜ ਮਿਟਾ ਦਿੱਤਾ ਹੈ, ਪਰ ਇਹ ਉਸ ਦੀ ਗਲਤ ਫਹਿਮੀ ਸੀ। ਕੁਝ ਸਮੇਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੀਆਂ ਫੌਜਾਂ ਨਾਲ ਸਰਹਿੰਦ 'ਤੇ ਹਮਲਾ ਕਰਕੇ ਇਨ੍ਹਾਂ ਮਾਸੂਮ ਜਿੰਦੜੀਆਂ ਦੇ ਕਾਤਲਾਂ ਨੂੰ ਸਜ਼ਾਵਾਂ ਦਿੰਦਿਆਂ ਇੱਟ ਨਾਲ ਇੱਟ ਖੜਕਾ ਦਿੱਤੀ।







# ਕੈਨੇਡਾ ਦੇ ਪਹਿਲੇ ਦਸਤਾਰਧਾਰੀ ਐਮ.ਪੀ. ਗੁਰਬਖਸ਼ ਸਿੰਘ ਮੱਲ੍ਹੀ ਦੇ ਨਾਮ ਤੇ ਬਰੈਂਪਟਨ ਵਿੱਚ ਪਾਰਕ ਦਾ ਉਦਘਾਟਨ

ਬਰੈਂਪਟਨ (ਬਲਜਿੰਦਰ ਸੇਖਾ)-ਮੋਗਾ ਜਿਲ੍ਹਾ ਦੇ ਪਿੰਡ ਚੁੱਘਾ ਦੇ ਜੰਮਪਲ ਤੇ ਕੈਨੇਡਾ ਵਿੱਚ ਪਹਿਲੇ ਦਸਤਾਰਧਾਰੀ ਐਮ ਪੀ ਬਣਕੇ ਭਾਈਚਾਰੇ ਨੂੰ ਇਸ ਪੱਧਰ ਤੱਕ ਲੈ ਆਉਣਾ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। ਅੱਜ ਬਰੈਂਪਟਨ ਵਿੱਚ ਮਾਣਯੋਗ ਗੁਰਬਖਸ਼ ਸਿੰਘ ਮੱਲ੍ਹੀ ਪਾਰਕ ਦਾ ਉਦਘਾਟਨ ਕੀਤਾ ਗਿਆ। ਯਾਦ ਰਹੇ ਸਰਦਾਰ ਮੱਲ੍ਹੀ ਕਾਰਨ ਅੱਜ ਦੇ ਸਾਡੇ ਸਾਰੇ ਸੰਸਦ ਮੈਂਬਰਾਂ ਲਈ ਓਟਵਾ ਜਾਣ ਦਾ ਰਸਤਾ ਤਿਆਰ ਹੋਇਆ ਉਹਨਾ ਵੱਲੋਂ ਪਾਈ ਨਿਰਵਿਘਨ ਪੱਕੀ ਸੜਕ 'ਤੇ ਕਾਰ ਚਲਾਉਣਾ ਆਸਾਨ ਹੈ ਪਰ ਰੇਗਿਸਤਾਨ ਵਿੱਚ ਬਿਲਕੁਲ ਨਵਾਂ ਫੁੱਟਪਾਥ ਬਣਾਉਣਾ ਬਹੁਤ ਮੁਸ਼ਕਲ ਹੈ। ਇਸ ਮੌਕੇ ਪੂਰੇ ਮੱਲ੍ਹੀ ਪਰਿਵਾਰ ਨੂੰ ਸਮੁੱਚੇ ਭਾਈਚਾਰੇ ਵਲੋ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਬਰੈਂਪਟਨ ਦੇ ਮੇਅਰ ਪੈਟਿਰਕ ਬਰਾਊਨ , ਸੂਬਾਈ ਲਿਬਰਲ ਆਗੂ ਡਿਲ ਡੂਕਾ, ਰਿਜਨਲ ਕੌਂਸਲਰ ਗੁਰਪ੍ਰੀਤ ਢਿੱਲੋਂ, ਸਿਟੀ ਕੌਂਸਲਰ ਹਰਕੀਰਤ ਸਿੰਘ , ਸੂਬਾਈ ਲਿਬਰਲ ਉਮੀਦਵਾਰ , ਹਰਿੰਦਰ ਮੱਲ੍ਹੀ, ਵਿੰਡਸਰ ਐਸੇਕਸ ਤੋ ਮਨਪ੍ਰੀਤ ਕੌਰ ਬਰਾੜ ,ਵਿੰਡਸਰ ਤੋ ਕੌਂਸਲਰ ਜੀਵਨ ਗਿੱਲ ਸਾਬਕਾ ਸਿਟੀ ਕੌਂਸਲਰ ਵਿੱਕੀ ਢਿੱਲੋਂ ਤੇ ਵੱਡੀ ਗਿਣਤੀ ਵਿੱਚ ਮੀਡੀਆ ਹਾਜਿਰ ਸੀ। ਇਸ ਮੌਕੇ ਜਤਿੰਦਰ ਸਿੰਘ ਗਿੱਲ ਮੋਗਾ, ਹਰਵਿੰਦਰ ਦੇਦ ਮੋਗਾ, ਬਲਜਿੰਦਰ ਸੇਖਾ, ਬਿੰਦਰ ਸਿੰਘ, ਸਤਵੀਰ ਧਾਲੀਵਾਲ ਬੱਧਨੀ ਆਦਿ ਨੇ ਮੱਲ੍ਹੀ ਪਰਵਾਰ ਨੂੰ ਵਧਾਈਆਂ ਦਿੱਤੀਆਂ।



# '.ਗਜ਼ਲ ਮੰਚ ਸਰੀ' ਦੀ ਸਾਲ 2021 ਦੀ ਆਖ਼ਰੀ ਕਾਵਿ-ਮਿਲਣੀ

ਸਰੀ (ਹਰਦਮ ਮਾਨ)-'ਗ਼ਜ਼ਲ ਮੰਚ ਸਰੀ' ਦੀ ਸਾਲ 2021 ਦੀ ਆਖ਼ਰੀ ਕਾਵਿ-ਮਿਲਣੀ ਮੰਚ ਦੇ ਦਫਤਰ ਵਿਚ ਹੋਈ ਜਿਸ ਵਿਚ ਆਦੇਸ਼ ਅੰਕੁਸ਼ ਦਾ ਗ਼ਜ਼ਲ ਸੰਗ੍ਰਹਿ ' ਤੇਰਾ ਆਪਣਾ' ਅਤੇ ਮੰਚ ਦੇ ਮੈਂਬਰ ਇੰਦਰਜੀਤ ਸਿੰਘ ਧਾਮੀ ਦਾ ਗ਼ਜ਼ਲ ਸੰਗ੍ਰਹਿ 'ਮਲਕੜੇ ਪੱਬ' ਲੋਕ ਅਰਪਣ ਕੀਤੇ ਗਏ। ਇਸ ਕਾਵਿ ਮਿਲਣੀ ਵਿਚ ਜਸਵਿੰਦਰ, ਕ੍ਰਿਸ਼ਨ ਭਨੋਟ, ਕਵਿੰਦਰ ਚਾਂਦ, ਦਸ਼ਮੇਸ਼ ਗਿੱਲ ਫ਼ਿਰੋਜ਼, ਇੰਦਰਜੀਤ ਸਿੰਘ ਧਾਮੀ, ਰਾਜਵੰਤ ਰਾਜ, ਦਵਿੰਦਰ ਗੌਤਮ, ਗੁਰਮੀਤ ਸਿੱਧੂ ਤੇ ਪ੍ਰੀਤ ਮਨਪ੍ਰੀਤ ਨੇ ਆਪਣੀਆਂ ਤਾਜ਼ਾ ਗ਼ਜ਼ਲਾਂ ਨਾਲ ਮਹਿਫਿਲ ਸਜਾਈ। ਇਸ ਮੌਕੇ ਮੰਚ ਦੇ ਅਗਲੇ ਸਾਲ ਦੇ ਸਾਲਾਨਾ ਪ੍ਰੋਗਰਾਮ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਮੰਚ ਦੀਆਂ ਹੋਰ ਗਤੀਵਿਧੀਆਂ ਦੀ ਵਿਉਂਤਬੰਦੀ ਕੀਤੀ ਗਈ।



# ਕਮਲਜੀਤ ਬਰਾੜ ਅਤੇ ਜਸਦੀਪ ਨੇ ਵਿਆਹ ਦੀ 19ਵੀਂ ਵਰ੍ਹੇਗੰਢ ਮਨਾਈ

ਸਰੀ (ਹਰਦਮ ਮਾਨ)-ਸਰੀ ਨਿਵਾਸੀ ਕਮਲਜੀਤ ਸਿੰਘ ਬਰਾੜ ਅਤੇ ਜਸਦੀਪ ਕੌਰ ਬਰਾੜ ਵੱਲੋਂ ਆਪਣੇ ਵਿਆਹ ਦੀ 19ਵੀਂ ਵਰ੍ਹੇਗੰਢ ਮਨਾਈ ਗਈ। ਇਸ ਮੌਕੇ ਕਮਲਜੀਤ ਬਰਾੜ ਦੇ ਪਿਤਾ ਬਲਜੀਤ ਸਿੰਘ ਬਰਾੜ (ਵੱਡਾ ਘਰ) ਅਤੇ ਮਾਤਾ ਸੁਰਿੰਦਰ ਕੌਰ ਬਰਾੜ, ਜਸਪ੍ਰੀਤ ਸਿੰਘ ਬਰਾੜ ਤੇ ਰਮਨਦੀਪ ਕੌਰ ਬਰਾੜ, ਸਾਹਿਬ ਸਿੰਘ ਘੋਸਾ ਤੇ ਜਸਪ੍ਰੀਤ ਕੌਰ ਖਾ, ਖੁਸ਼ਕੰਵਲ ਮਾਨ, ਹਰਦਮ ਸਿੰਘ ਮਾਨ ਤੇ ਕਰਮਜੀਤ ਕੌਰ ਮਾਨ ਨੇ ਦਿਲੀ ਮੁਬਾਰਕਬਾਦ ਦਿੰਦਿਆਂ ਦੋਹਾਂ ਲਈ ਖੁਸ਼ਹਾਲ ਅਤੇ ਲੰਮੇਰੀ ਜ਼ਿੰਦਗੀ ਦੀ ਕਾਮਨਾ ਕੀਤੀ। ਇਸ ਮੌਕੇ ਬੇਟੀ ਪਵਨ, ਬੇਟਾ ਸ਼ਾਨ ਅਤੇ ਭਤੀਜੀਆਂ ਗੁਨੀਤ ਤੇ ਜਸਰੀਤ ਨੇ ਆਪਣੀ ਖੁਸ਼ੀ ਕੇਕ ਕੱਟ ਕੇ ਸਾਂਝੀ ਕੀਤੀ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

### ਸਾਂਝੀਵਾਲਤਾ ਦਾ ਪ੍ਰਤੀਕ

# ਵਿਸ਼ਵ ਭਰ ਵਿਚ ਮਨਾਇਆ ਜਾਂਦਾ ਹੈ ਕ੍ਰਿਸਮਿਸ ਉਤਸਵ

**ਬਲਵਿੰਦਰ ਬਾਲਮ ਗੁਰਦਾਸਪੁਰ**
ਐਡਮਿੰਟਨ (ਕੈਨੇਡਾ) 9815625409

ਵਿਸ਼ਵ ਭਰ ਵਿਚ ਧੂਮ-ਧਾਮ ਅਤੇ ਸ਼ਰਧਾ ਪੂਰਵਕ ਵਿਸ਼ਵਾਸ ਨਾਲ ਮਨਾਇਆ ਜਾਂਦਾ ਹੈ ਕ੍ਰਿਸਮਿਸ ਉਤਸਵ। ਕ੍ਰਿਸਮਿਸ ਇਕ ਸਾਲਾਨਾ ਪਰੰਪਵਾਦੀ ਉਤਸਵ ਹੈ ਜੋ ਯਿਸੂ ਮਸੀਹ ਦੇ ਜਨਮ ਦੇ ਉਪਲਕਸ਼ ਵਿਚ ਮਨਾਇਆ ਜਾਂਦਾ ਹੈ। ਦੁਨੀਆਂ ਭਰ ਦੇ ਅਰਬਾਂ ਲੋਕਾਂ ਦੇ ਵਿਚ ਇਕ ਧਾਰਮਿਕ ਆਸਥਾ ਪੂਰਵਕ, ਸਾਂਝੀਵਾਲਤਾ ਦਾ ਸਨੇਹੀ ਅਤੇ ਪਰੰਪਰਾਗਤ ਸਭਿਆਚਾਰਕ ਉਤਸਵ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਦੇ ਲਈ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਈਸ਼ਵਰ ਮਾਨਵ ਦੇ ਰੂਪ ਵਿਚ ਆਏ, ਮਾਨਵਤਾ ਦੇ ਪਾਪਾਂ ਨੂੰ ਬਖ਼ਸ਼ਣ ਦੇ ਲਈ, ਯਿਸੂ ਦਾ ਸਹੀ ਜਨਮ ਤਾਰੀਖ਼ ਜਾਨਣ ਦੀ ਬਜਾਏ ਕ੍ਰਿਸਮਿਸ ਮਨਾਉਣ ਦਾ ਇਕ ਖ਼ੂਬਸੂਰਤ ਮਾਨਵਤਾਵਾਦੀ ਪ੍ਰਾਥਮਿਕ ਉਦੇਸ਼ ਮੰਨਿਆ ਜਾਂਦਾ ਹੈ। ਮੁੱਖ ਰੂਪ ਵਿਚ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਵਿਚ ਇਕ ਧਾਰਮਿਕ ਸਾਲ ਲਈ ਇਕੱਠ ਭੋਜਨ ਦਾ ਉਤਸਵ ਵੀ ਹੁੰਦਾ ਹੈ। ਭਰ ਸਰਦੀਆਂ ਦੇ ਮੌਸਮ ਵਿਚ ਸੰਯੁਕਤ ਭਾਈਚਾਰੇ ਦਾ ਇਕ ਅੰਤਰ ਦ੍ਰਿਸ਼ਟੀ ਅਤੇ ਅਲੌਕਿਕ ਸੰਦੇਸ਼ ਮਿਲਦਾ ਹੈ। ਕਰਾਈਸਟ ਮਾਸਟਾਈਡ ਦੇ ਮੌਸਮ ਦੀ ਸ਼ੁਰੂਆਤ ਕਰਦਾ ਹੈ। ਜੋ ਇਤਿਹਾਸਕ ਰੂਪ ਵਿਚ ਪੱਛਮ ਵਿਚ ਬਾਰ੍ਹਾਂ ਦਿਨਾਂ ਤਕ ਚਲਦਾ ਹੈ ਅਤੇ ਬਾਹਰਵੀਂ ਰਾਤ ਨੂੰ ਸਮਾਪਤ ਹੁੰਦਾ ਹੈ। ਕ੍ਰਿਸਮਿਸ ਦਿਵਸ ਕਈ ਦੇਸ਼ਾਂ ਵਿਚ ਸਮੂਹਿਕ ਛੁੱਟੀ ਅਵਕਾਸ ਦਾ ਪ੍ਰਤੀਕ ਵੀ ਹੈ। ਬਹੁਤਾਤ ਰੂਪ ਵਿਚ ਇਸਾਈ ਭਾਈਚਾਰੇ ਦੁਆਰਾ ਧਾਰਮਿਕ ਰੂਪ ਵਿਚ ਮਨਾਇਆ ਜਾਂਦਾ ਹੈ। ਇਹ ਉਤਸਵ ਗ਼ੈਰ ਇਸਾਈ ਭਾਈਚਾਰੇ ਤੋਂ ਇਲਾਵਾ ਛੁੱਟੀਆਂ ਦਾ ਆਨੰਦ ਮਾਨਣ ਲਈ ਹੋਰ ਧਰਮਾਂ ਦੇ ਲੋਕ ਵੀ ਮਨੋਰੰਜਨ ਅਤੇ ਦੋਸਤਾਨਾਂ ਸੰਬੰਧਾਂ ਵਿਚ ਮਿਠਾਸ, ਅਪਣਾਮਨ, ਆਤਮ ਸਜਗਤਾ, ਸਾਮਾਲਿਕ ਚੇਤਨਾ, ਵਿਸ਼ਵ ਮਾਨਤਾਵਾਦੀ ਮਾਨਵ ਪ੍ਰਤੀ ਅਟੁੱਟ ਆਸਥਾ ਦੇ ਨਾਲ-ਨਾਲ ਬੱਚਿਆਂ ਸਮੇਤ ਅਨੇਕ ਮਨੋਰੰਜਨ ਦੀਆਂ ਕਿਰਿਆਵਾਂ ਵਿਚ ਖ਼ੁਸ਼ੀ, ਉਮੰਗ, ਸ਼ਰਧਾ ਤੇ ਸਹਾਨਭੂਤੀ ਪਰਿਪਕਤਾ ਭਰਦੇ ਹੋਏ ਮਨਾਉਂਦੇ ਹਨ। ਪ੍ਰਭੂ ਈਸਾ ਮਸੀਹ ਨੂੰ ਯਾਦ ਕਰੀਏ ਤਾਂ ਇਸਾਈ ਭਾਈਚਾਰਾ ਉਨ੍ਹਾਂ ਨੂੰ ਈਸ਼ਵਰ ਦਾ ਪੁੱਤਰ ਮੰਨਦੇ ਹਨ। ਕ੍ਰਿਸਮਿਸ ਦਾ ਨਾਂਅ ਮਾਸ ਆਫ ਕਰਾਈਸਟ (ਜਾਂ ਜੀਸਸ) ਤੋਂ ਆਇਆ ਹੈ। ਇਸਾਈ ਭਾਈਚਾਰੇ ਦੀ ਠੋਸ ਪਰੰਪਰਾ ਅਤੇ ਵਿਸ਼ਵਾਸ ਹੈ ਕਿ ਯਿਸੂ ਸਾਡੇ ਲਈ ਮਰੇ ਅਤੇ ਫਿਰ ਜੀਵਿਤ ਹੋ ਗਏ। ਪਰੰਪਰਾ ਹੈ ਕਿ ਸੂਰਜ ਡੁਬਣ ਅਤੇ ਅਗਲੇ ਦਿਨ ਸੂਰਜ ਚੜ੍ਹਣ ਤੋਂ ਪਹਿਲਾਂ ਦੇ ਆਗਮਨ ਨੂੰ ਮੱਧ ਰਾਤਰੀ ਨੂੰ ਜੀਵਨ ਰੱਖਣ ਲਈ ਕਰਾਈਸਟ ਮਾਸ ਦਾ ਨਾਮ ਮਿਲਦਾ ਹੈ। ਜਿਸ ਨੂੰ ਛੋਟਾ ਕਰਕੇ ਕ੍ਰਿਸਮਿਸ ਦਾ ਰੂਪ ਕਰ ਦਿੱਤਾ ਗਿਆ। ਕ੍ਰਿਸਮਿਸ ਅਜ ਕਲ ਦੁਨੀਆਂ ਭਰ ਦੇ ਲੋਕਾਂ ਵਿਚ ਮਨਾਇਆ ਜਾਂਦਾ ਹੈ, ਚਾਹੇ ਕੋਈ ਇਸਾਈ ਹੈ ਜਾਂ ਨਹੀਂ। ਇਸ ਸਮੇਂ ਪਰਿਵਾਰ ਅਤੇ ਦੋਸਤ ਪਰਿਵਾਰ ਨਾਲ ਮਿਲ ਕੇ ਸੰਯੁਕਤ ਭੋਜਨ ਇਸ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਣ, ਮਿਸ਼ਠਾਣ ਅਤੇ ਤੋਫਿਆਂ ਦਾ ਆਦਾਨ-ਪ੍ਰਦਾਨ ਖ਼ੁਸ਼ੀ ਪੂਰਵਕ ਹੁੰਦਾ ਹੈ। ਭਾਵ ਕਿ ਇਸ ਪਰੰਪਰਾ ਦਾ ਸੰਦੇਸ਼ ਹੈ, ਖ਼ੂਬਸੂਰਤ ਆਦਾਨ-ਪ੍ਰਦਾਨ ਹੀ ਸੁਚੱਜਾ ਸੰਸਾਰ ਸਿਰਜ ਸਕਦਾ ਹੈ। ਲੋਕਾਂ ਵਿਚ ਸਰਦੀਆਂ ਦੇ ਹਨੇਰੇ ਵਿਚ ਸੂਰਜ ਦੀ ਜਿੱਤ ਦਾ ਜਸ਼ਨ-ਉਤਸਵ ਹਰਸ਼ੋਉਲਾਸ ਨਾਲ ਮਨਾਇਆ ਜਾਂਦਾ ਹੈ। ਇਹ ਇਕ ਮੱਧ ਸਰਦੀਆਂ ਦਾ ਸਾਂਝੀਵਾਲਤਾ ਨਾਲ ਉਤਪ੍ਰੋਤ ਇਨਸਾਨੀ ਕਦਰਾਂ ਕੀਮਤਾਂ ਦਾ ਤਿਉਹਾਰ ਹੈ। ਇਸਾਈ ਭਾਈਚਾਰੇ ਦਾ ਵਿਸ਼ਵਾਸ ਹੈ ਕਿ ਯਿਸੂ ਹੀ ਜਗਤ ਦਾ ਪ੍ਰਕਾਸ਼ ਹੈ। ਵੇਖਿਆ ਜਾਂ ਪੜ੍ਹਣ ਮੰਥਣ ਕੀਤਾ ਜਾਵੇ ਤਾਂ ਕ੍ਰਿਸਮਿਸ ਪਰੰਪਰਾਵਾਂ ਦੀਆਂ ਖ਼ੂਬਸੂਰਤ ਗੂੜਤਾਵਾਂ ਵਿਚ ਡੁੱਬਿਆ ਹੋਇਆ ਇਨਸਾਨੀ ਕਦਰਾਂ ਕੀਮਤਾਂ ਵਾਲਾ ਇਕ ਲੰਬਾ ਇਤਿਹਾਸ ਹੈ। ਅਜ ਕਲ ਇਸ ਉਤਸਵ ਨੂੰ ਮੁੱਖ ਰੂਪ ਵਿਚ ਲਾਲ ਰੰਗ ਦੇ ਹੱਸ ਮੁੱਖ ਵਿਅਕਤੀ ਤੇ ਰੂਪ ਵਿਚ ਅਲੰਕਾਰਿਤ ਕੀਤਾ ਜਾਂਦਾ ਹੈ, ਜੋ ਕ੍ਰਿਸਮਿਸ ਦੀ ਪੂਰਵ ਸੰਧਿਆ ਤੋਂ ਲੜਕੇ ਅਤੇ ਲੜਕੀਆਂ ਲਈ ਖਿਡੌਣੇ ਲੈ ਕੇ ਆਉਂਦਾ ਹੈ। ਜਦੋਂ ਸੰਤ ਨਿਕੋਲਸ ਧਰਤੀ ਉਪਰ ਚੱਲੇ ਅਤੇ ਉਨ੍ਹਾਂ ਦੀ ਹਿਫ਼ਾਜਿਤ ਲਈ ਸੰਤ ਬਣੇ। ਇਸ ਲਈ ਅਜ ਵੀ ਬੱਚਿਆਂ ਦੇ ਮਹਾਨ ਰਕਸ਼ਕ ਸੰਤ ਜੋ ਸਾਂਤਾ ਦੇ ਰੂਪ ਵੀ ਨਜ਼ਰ ਆਉਂਦੇ ਹਨ। ਫਿਰ ਸਾਂਤਾ ਮਹਾਂਪੁਰਸ਼ ਇਕ ਕਾਲਪ ਨਿਕ ਪ੍ਰਾਣੀ ਜਿੰਨ੍ਹਾਂ ਦੇ ਬਾਰੇ ਸੋਚਿਆ ਜਾਂਦਾ ਹੈ ਕਿ ਉਹ ਕ੍ਰਿਸਮਿਸ ਦੇ ਉਤਸਵ ਦੇ ਸਮੇਂ ਬੱਚਿਆਂ ਲਈ ਉਪਹਾਰ ਲਿਆਉਂਦੇ ਹਨ। ਬੱਚੇ ਉਮੰਗ ਤਰੰਗ ਅਤੇ ਮਨੋਰੰਜਨ ਦੀ ਭਾਵਨਾ ਨਾਲ ਉਨ੍ਹਾਂ ਦੇ ਨਾਲ ਫ਼ੋਟੋ ਖਿਚਵਾ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਅਨੇਕਾਂ ਬੱਚੇ ਹਰ ਸਾਲ ਕ੍ਰਿਸਮਿਸ ਦੀ ਉਡੀਕ ਵਿਚ ਲਾਲਾਇਕ ਅਤੇ ਉਤਸੁਕਤਾ ਪੂਰਵਕ ਜਗਿਆਸਾ ਨਾਲ ਕ੍ਰਿਸਮਿਸ ਦੀ ਪੂਰਵ ਸੰਧਿਆ ਦਾ ਇੰਤਜ਼ਾਰ ਕਰਦੇ ਹਨ। ਇਸ ਉਤਸਵ ਦੇ ਸੰਦਰਭ ਵਿਚ ਵੱਖ-ਵੱਖ ਜਥੇਬੰਦੀਆਂ, ਸਭਾਵਾਂ, ਕਲਾਕਾਰ, ਗਾਇਕ, ਆਰਟਿਸਟ, ਡਿਜ਼ਾਈਨਰ, ਖੇਡ ਜਥੇਬੰਦੀਆਂ, ਖੇਡ ਵਿਭਾਗ ਅਤੇ ਅਨੇਕਾਂ ਹੀ ਸੰਸਥਾਵਾਂ ਸਿਰਜਨਾਤਮਿਕ ਸਸਤੇ ਕਾਰਜ ਤੇ ਕਿਰਿਆਵਾਂ ਕਰਦੇ ਹਨ ਤਾਂ ਜੋ ਲੋਕਾਂ ਦਾ ਵੱਧ ਤੋਂ ਵੱਧ ਮਨੋਰੰਜਨ ਹੋ ਸਕੇ। ਆਤਮ ਤੁਸ਼ਟੀ ਅਤੇ ਭੌਤਿਕ-ਸੰਸਾਰੀ ਰੂਪ ਸੁੱਖਾਂ ਦਾ ਆਨੰਦ ਲੈ ਸਕਣ। ਵੇਖਿਆ ਜਾਵੇ ਤਾਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦਾ ਸੰਗ੍ਰਹਿ ਹੀ ਜੀਵਨ ਹੈ। ਇਸ ਉਤਸਵ ਵਿਚ ਛੋਟੀਆਂ-ਛੋਟੀਆਂ ਖ਼ੁਸ਼ੀਆਂ ਸਿਰੋ ਦਿੱਤੀਆਂ ਜਾਂਦੀਆਂ ਹਨ। ਇਸ ਦਿਨ ਬੱਚਿਆਂ ਲਈ ਤਰ੍ਹਾਂ-ਤਰ੍ਹਾਂ ਦੇ ਪੰਘੂੜੇ, ਬਿਜਲੀ ਉਪਕਰਣ ਖਿਡੌਣੈ, ਝੂਲੇ, ਪੇ-ਟਿੰਗਸ ਮੁਕਾਬਲੇ, ਤਰ੍ਹਾਂ-ਤਰ੍ਹਾਂ ਦੇ ਨ੍ਰਿਤ-ਡਾਂਸ, ਸਾਜ-ਸਜਾਵਟ ਦੇ ਨਾਲ-ਨਾਲ ਇਕ ਅਲੌਕਿਕ ਅਤੇ ਲੋਕਿਕ ਚਮਕਦਾਰ ਰੌਸ਼ਨੀਆਂ ਦੇ ਪ੍ਰਕਾਸ਼ ਦਾ ਗਗਨ ਚੁੰਬੀ ਨਜ਼ਾਰਾ ਕਿਸੇ ਜੰਨਤ ਦਾ ਸਾਰਥਕ ਰੂਪ ਹੋ ਨਿਬੜਦਾ ਹੈ। ਤਰ੍ਹਾਂ-ਤਰ੍ਹਾਂ ਦੀ ਅਦਭੁਤ, ਰੰਗੀਨ, ਫਬੀਲੀ ਮਨਮੋਹਿਦੀ, ਸੁੰਦਰਤਾ ਦੀ ਸ਼ੈਲੀ ਅਤੇ ਸ਼ਿਲਪ ਵਿਚ ਲੈਂਡ ਸਕੇਪਿੰਗ ਜੰਨਤ ਦੀ ਪਰਾਏਵਾਚੀ ਹੋ ਜਾਂਦੀ ਹੈ। ਕਣ-ਕਣ ਵਿਚ ਪ੍ਰਭੂ ਯਿਸੂ ਦੀ ਮਹਿਮਾ ਦਾ ਨਜ਼ਾਰਾਂ ਨਜ਼ਰ ਆਉਂਦਾ ਹੈ। ਰੰਗਾਂ, ਢੰਗਾਂ, ਸੰਗਾਂ, ਉਮੰਗਾਂ, ਲਲਕ, ਲਪਕ ਦੇ ਸਮੋਹਿਕ ਦ੍ਰਿਸ਼ਾਂ ਵਿਚ ਚਾਰੇ ਪਾਸੇ ਪ੍ਰਭੂ ਯਿਸੂ ਦਾ ਗੁਣਗਾਣ ਅਤੇ ਉਸਤਿਤ ਵਿਚ ਸਮਾਜਿਕ ਪ੍ਰਭੂਤਾ ਦੇ ਬੋਧ ਵਿਚ ਇਕ ਪਰੰਪਰਾ ਨੂੰ ਸਾਕਾਰ ਰੂਪ ਹੋ ਜਾਂਦਾ ਹੈ। ਆ? ਰਲ ਮਿਲ ਸਭ ਸਾਂਝੀਵਾਲਤਾ ਵਿਚ ਕ੍ਰਿਸਮਿਸ ਉਤਸਵ ਮਨਾਈਏ।



GLOBAL INSURANCE
"WE SECURE YOUR VALUES"

Specialist in :
• Home Owners • Business
• Farm • Fleet • Prorate
• Cargo • Visitor to Canada
• ICBC Auto • Travel Medical
• Liability • Tenants
• Private Motorcycle • Boat
• Course of Construction
• Commercial Property
• Rental Home • High Value Homes

Call Now For
SUPER VISA INSURANCE

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ




GULSHARAN S. WALIA   HARVINDER WALIA   KANWAR (SUNNY) WALIA

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

Open 7 Days a Week

3 LOCATIONS TO SERVE YOU :

• ਘਰ • ਵਿਉਪਾਰ • ਫਾਰਮ • ਫਲੀਟ • ਪਰੋਰੇਟ • ਕਾਰਗੋ
• ਵੈਨ, ਕਾਰ, ਟਰੱਕ • ਟਰੈਵਲ ਮੈਡੀਕਲ
• ਕਿਰਾਏਦਾਰ • ਪ੍ਰਾਈਵੇਟ ਮੋਟਰਸਾਈਕਲ
• ਬੋਟ/ਕਿਸ਼ਤੀ • ਕੰਸਟਰਕਸ਼ਨ • ਕਮਰਸ਼ੀਅਲ ਪ੍ਰਾਪਰਟੀ
• ਰੈਂਟਲ ਘਰ • ਹਾਈ ਵੈਲਿਊ ਵਾਲੇ ਘਰ ਦੀ ਇੰਸ਼ੋਰੈਂਸ
• ਵਿਜਟਰ ਤੇ ਨਵੇਂ ਇੰਮੀਗਰਾਂਟਸ ਦੀ ਮੈਡੀਕਲ ਇੰਸ਼ੋਰੈਂਸ

autoplan

New Producers Welcome

ਸੁਪਰ ਵੀਜਾ ਇੰਸ਼ੋਰੈਂਸ ਲਈ
ਅੱਜ ਹੀ ਫੋਨ ਕਰੋ

www.globalins.ca

#101 - 2464 Clearbrook Rd.
Abbotsford, BC V2T 2X8
604-852-8111
Fax: 604-852-4446

#102 - 18408 64th Ave.
Surrey, BC V3S 1E9
604-574-5115
Fax: 604-574-5116

#115 - 6820 188th St.
Surrey, BC V4N 3G6
604-574-1771
Fax: 604-574-1761




ਪਿਡਿਐਟ੍ਰਿਕ ਵੈਕਸੀਨ ਬੱਚਿਆਂ ਦੀ ਸੁਰੱਖਿਆ, ਦੂਜਿਆਂ ਨੂੰ ਸੁਰੱਖਿਅਤ ਰੱਖਣ ਅਤੇ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਨ ਅਗਲਾ ਕਦਮ ਹੈ। ਕੈਨੇਡਾ ਦੇ ਪਿਡਿਐਟ੍ਰਿਕ ਵੈਕਸੀਨ ਸੁਰੱਖਿਅਤ ਅਤੇ ਅਸਰਦਾਰ ਹਨ ਅਤੇ ਇਹ ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ ਹਨ।

» ਆਸਾਨ ਰਜਿਸਟਰੇਸ਼ਨ
» ਬੱਚਿਆਂ ਦੇ ਅਨੁਕੂਲ ਵੈਕਸੀਨ ਕਲੀਨਿਕ
» ਸਕੂਲ ਤੋਂ ਬਾਅਦ ਅਤੇ ਸ਼ਾਮ ਨੂੰ ਵੈਕਸੀਨ ਕਲੀਨਿਕ ਦੇ ਵਧਾਏ ਗਏ ਘੰਟੇ

ਹੋਰ ਜਾਣੋ:
gov.bc.ca/vaccineforkids

BRITISH COLUMBIA




# ਟੀ. ਵੀ. ਹੋਸਟ ਬਲਜਿੰਦਰ ਕੌਰ ਬਣੀ ਪੰਜਾਬੀ ਪ੍ਰੈਸ ਕਲੱਬ ਬੀ ਸੀ ਦੀ ਪ੍ਰਧਾਨ



ਸਰੀ-ਬੀਤੇ ਦਿਨ ਪੰਜਾਬੀ ਪ੍ਰੈਸ ਕਲੱਬ ਬੀ ਸੀ ਦੀ ਜਨਰਲ ਮੀਟਿੰਗ ਦੌਰਾਨ ਸੀਨੀਅਰ ਮਹਿਲਾ ਜਰਨਲਿਸਟ ਤੇ ਸਾਂਝਾ ਟੀ ਵੀ ਦੀ ਹੋਸਟ ਬਲਜਿੰਦਰ ਕੌਰ ਨੂੰ ਸਰਬਸੰਮਤੀ ਨਾਲ ਕਲੱਬ ਦਾ ਪਰ਼ਧਾਨ ਚੁਣਿਆ ਗਿਆ। ਇਸ ਦੌਰਾਨ 7 ਮੈਂਬਰੀ ਨਵੀ ਐਗਜੈਕਟਿਵ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਵੀ ਕੀਤੀ ਗਈ। ਮੀਟਿੰਗ ਦੌਰਾਨ ਕਲੱਬ ਦਾ ਸਾਲਾਨਾ ਲੇਖਾ ਜੋਖਾ ਪੇਸ਼ ਕੀਤੇ ਜਾਣ ਉਪਰੰਤ ਨਵੇਂ ਪ੍ਰਧਾਨ ਤੇ ਕਾਰਜਕਾਰਣੀ ਦੀ ਚੋਣ ਕੀਤੀ ਗਈ। ਜਿਸ ਦੌਰਾਨ ਸਰਬਸੰਮਤੀ ਨਾਲ ਬਲਜਿੰਦਰ ਕੌਰ ਨੂੰ ਪ੍ਰਧਾਨ ਚੁਣ ਲਿਆ ਗਿਆ। ਕਲੱਬ ਦੀ ਪ੍ਰਧਾਨਗੀ ਦਾ ਅਹੁਦਾ ਛੱਡ ਰਹੀ ਨਵਜੋਤ ਕੌਰ ਢਿੱਲੋਂ ਨੇ ਪਿਛਲੇ ਦੋ ਸਾਲ ਦੌਰਾਨ ਉਹਨਾਂ ਨੂੰ ਕਲੱਬ ਮੈਂਬਰਾਂ ਵਲੋ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ ਤੇ ਨਵੀ ਚੁਣੀ ਗਈ ਪ੍ਰਧਾਨ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਨਵੀ ਬਣੀ ਪ੍ਰਧਾਨ ਬਲਜਿੰਦਰ ਕੌਰ ਨੇ ਆਪਣੀ ਚੋਣ ਲਈ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਮੈਂਬਰਾਂ ਦੇ ਨਿਰੰਤਰ ਸਹਿਯੋਗ ਨਾਲ ਪੰਜਾਬੀ ਜਨਰਲਿਜ਼ਮ ਤੇ ਕਲੱਬ ਦੀ ਬੇਹਤਰੀ ਲਈ ਕੰਮ ਕਰ ਪਾਉਣਗੇ। ਸਾਲ 2022-2023 ਲਈ ਕਾਰਜਕਾਰਣੀ:-ਬਲਜਿੰਦਰ ਕੌਰ- ਪ੍ਰਧਾਨ, ਰਸ਼ਪਾਲ ਸਿੰਘ ਗਿੱਲ-ਮੀਤ ਪ੍ਰਧਾਨ, ਖੁਸ਼ਪਾਲ ਸਿੰਘ ਗਿੱਲ-ਸਕੱਤਰ, ਅਮਰਪਾਲ ਸਿੰਘ-ਸਹਾਇਕ ਸਕੱਤਰ, ਬਲਦੇਵ ਸਿੰਘ ਮਾਨ-ਖਜ਼ਾਨਚੀ, ਜਰਨੈਲ ਸਿੰਘ- ਸਹਾਇਕ ਖਜ਼ਾਨਚੀ, ਕੁਲਦੀਪ ਸਿੰਘ-ਕਾਰਜਕਰਨੀ ਮੈਂਬਰ।

# ਓਮੀਕਰੋਨ ਦੀ ਦਹਿਸ਼ਤ: ਬ੍ਰਿਟੇਨ ਸਰਕਾਰ ਵੱਲੋਂ ਲੋਕਾਂ ਨੂੰ ਜਸ਼ਨ ਅਤੇ ਸਮਾਗਮਾਂ ਦਾ ਸਮਾਂ ਘਟਾਉਣ ਦੀ ਅਪੀਲ

ਲੰਡਨ (ਪੋਸਟ ਬਿਊਰੋ)-ਬ੍ਰਿਟੇਨ ਦੀ ਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕ੍ਰਿਸਮਸ ਜਸ਼ਨਾਂ ਅਤੇ ਸਮਾਗਮਾਂ ਵਿੱਚ ਭੀੜ-ਭੜੱਕੇ ਤੋਂ ਬਚਣ ਦਾ ਯਤਨ ਕਰਨ ਅਤੇ ਕੋਵਿਡ-19 ਦੇ ਤੇਜ਼ੀ ਨਾਲ ਫੈਲਦੇ ਰੂਪ ?ਮੀਕਰੋਨ ਦੇ ਕਾਰਨ ਇਨਫੈਕਸ਼ਨਵਿੱਚ ਵਾਧੇ ਨੂੰ ਰੋਕਣ ਵਾਸਤੇ ਸਹਿਯੋਗ ਦੇਣ। ਇਸ ਦੌਰਾਨ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦਫਤਰ ਨੇ ਤਾਲਾਬੰਦੀ ਪਾਬੰਦੀਆਂ ਨੂੰ ਵਧਾਉਣ ਦੀ ਕਿਸੇ ਵੀ ਯੋਜਨਾ ਤੋਂ ਇਨਕਾਰ ਕੀਤਾ, ਪਰ ਘਰ ਤੋਂ ਕੰਮ ਕਰਨ ਦੇ ਨਾਲ ਮਾਸਕ ਪਾਉਣ ਅਤੇ ਦੇਸ਼ ਵਿੱਚ ਵੱਡੇ ਪ੍ਰੋਗਰਾਮਾਂ ਲਈ ਕੋਵਿਡ-19 ਟੀਕਾਕਰਨ ਸਰਟੀਫਿਕੇਟ ਨੂੰ ਲਾਜ਼ਮੀ ਬਣਾ ਦਿੱਤਾ ਹੈ।ਦੇਸ਼ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਸਰਕਾਰ ਦਾ ਬੂਸਟਰ ਡੋਜ਼ ਦ੍ਰਿਸ਼ਟੀਕੋਣ ਦੁਹਰਾਇਆ ਹੈ। ਪ੍ਰਧਾਨ ਮੰਤਰੀ ਜਾਨਸਨ ਦੀ ਅਗਵਾਈ ਵਿੱਚ ਮੰਤਰੀਆਂ ਤੇ ਮਾਹਰਾਂ ਦੀ ਟੀਮ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਜਸ਼ਨਾਂ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਕੋਵਿਡ-19 ਟੈਸਟ ਕਰਵਾਓ। ਵਰਨਣ ਯੋਗ ਹੈ ਕਿ ਬੀਤੇ ਬੁੱਧਵਾਰ ਬ੍ਰਿਟੇਨ ਵਿੱਚ ਕੋਵਿਡ-19 ਦੇ 78,610 ਨਵੇਂ ਕੇਸ ਮਿਲੇ ਹਨ, ਜਿਹੜੇ ਬੀਤੇ ਸਾਲ ਮਹਾਮਾਰੀ ਸ਼ੁਰੂ ਹੋਣ ਤੋਂ ਬਾਅਦ ਇੱਕੋ ਦਿਨ ਦੀ ਇਸ ਦੇਸ਼ ਦੀ ਸਭ ਤੋਂ ਵੱਡੀ ਗਿਣਤੀ ਹਨ। ਜਾਨਸਨ ਨੇ ਕਿਹਾ ਕਿ 'ਮਾਸਕ ਪਾਓ, ਜੇ ਤੁਸੀਂ ਕਿਸੇ ਇਵੈਂਟ ਉੱਤੇ ਜਾਣਾ ਹੈ, ਜਿੱਥੇ ਬਹੁਤ ਸਾਰੇ ਲੋਕਾਂ ਨੂੰ ਮਿਲਣ ਦੀ ਸੰਭਾਵਨਾ ਹੈ ਤਾਂ ਟੈਸਟ ਕਰਵਾਓ। ਜੇ ਤੁਸੀਂ ਬਜ਼ੁਰਗਾਂ ਜਾਂ ਜੋਖਮ ਵਾਲੇ ਰਿਸ਼ਤੇਦਾਰਾਂ ਨੂੰ ਮਿਲਣ ਜਾ ਰਹੇ ਹੋ ਤਾਂ ਟੈਸਟ ਕਰਵਾਓ। ਬ੍ਰਿਟੇਨ ਦੇ ਚੀਫ ਮੈਡੀਕਲ ਅਫਸਰ (ਸੀਐਮ ਓ) ਪ੍ਰੋਫੈਸਰ ਕ੍ਰਿਸ ਵਿੱਟੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੇ ਲੋਕਾਂ ਨਾਲ ਗੱਲਬਾਤ ਨਾ ਕਰੋ, ਜਿਨ੍ਹਾਂ ਨੂੰ ਮਿਲਣਾ ਕੋਈ ਜ਼ਰੂਰੀ ਨਹੀਂ। ਉਨ੍ਹਾਂ ਸ਼ੱਕ ਜ਼ਾਹਰ ਕੀਤਾ ਕਿ ਆਉਂਦੇ ਹਫ਼ਤੇ ਵਿੱਚ ਬ੍ਰਿਟੇਨ ਵਿੱਚ ਕੋਵਿਡ-19 ਦੇ ਹੋਰ ਰਿਕਾਰਡ ਟੁੱਟ ਸਕਦੇ ਹਨ।


HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT

Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਸਿੱਖ ਇਤਿਹਾਸ 'ਚ ਦਸੰਬਰ ਸ਼ਹੀਦੀਆਂ ਅਤੇ ਕੁਰਬਾਨੀਆਂ ਨਾਲ ਭਰਿਆ ਮਹੀਨਾ

ਜਗਜੀਤ ਸਿੰਘ

ਆਨੰਦਪੁਰ ਸਾਹਿਬ ਤੋਂ ਸ਼ੁਰੂ ਹੋਏ ਦਰਦਨਾਕ ਸਫ਼ਰ ਵਿਚ ਖਾਲਸਾ ਪੰਥ ਨੇ ਦਸਮੇਸ਼ ਪਿਤਾ ਦੀ ਅਗਵਾਈ ਵਿਚ ਇਸ ਧਰਤੀ 'ਤੇ ਇਕ ਅਜਿਹਾ ਮਾਰਚ ਕੀਤਾ ਕਿ ਇਤਿਹਾਸ ਇਕ ਵਾਰ ਤਾਂ ਸ਼ਾਇਰਾਨਾ ਅੰਦਾਜ਼ ਵਿਚ ਝੂਮ ਉੱਠਿਆ। ਜੇ ਫਲਸਫ਼ਾਨਾ ਅੰਦਾਜ਼ ਵਿਚ ਇਸ ਅਵਸਥਾ ਅਤੇ ਇਸ ਸੱਤ ਦਿਨਾਂ ਦੇ ਪੈਂਡੇ ਨੂੰ ਅੱਖਰਾਂ ਤੇ ਵਾਕਾਂ ਵਿਚ ਬੰਨ੍ਹਣਾ ਹੋਵੇ ਤਾਂ ਅਸੀਂ ਇਹ ਦਾਅਵਾ ਕਰ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਕੁਝ ਚਿਰ



ਲਈ ਇਕ ਰੂਪ ਹੋ ਗਏ ਸਨ ਜਾਂ ਇਉਂ ਕਹਿ ਲਓ ਕਿ ਸ਼ਬਦ-ਸੁਰਤਿ ਦਾ ਪੈਗਾਮ ਇਤਿਹਾਸ ਵਿਚ ਉੱਤਰ ਆਇਆ ਸੀ। ਦਸਵੇਂ ਗੁਰੂ ਇਸ ਅਵਸਥਾ ਦੇ ਚਸ਼ਮਦੀਦ ਗਵਾਹ ਬਣੇ। ਜਦੋਂ ਉਹ ਖਾਲਸਾ ਪੰਥ ਦੇ ਹੁਕਮ ਅਨੁਸਾਰ ਚਮਕੌਰ ਦੀ ਗੜ੍ਹੀ ਛੱਡ ਰਹੇ ਸਨ ਤਾਂ ਉੱਚੇ ਸੁੱਚੇ ਸਿਧਾਂਤਾਂ ਦਾ ਗਵਾਹ ਬਣਦੀ ਇਹ ਅਜਬ ਘਟਨਾ ਖਾਲਸਾ ਪੰਥ ਦੇ ਗੁਰੂ ਹੋਣ ਦਾ ਇਕ ਇਲਾਹੀ ਐਲਾਨਨਾਮਾ ਹੀ ਤਾਂ ਸੀ। ਵੱਡੇ ਸਾਕੇ ਕਰਨ ਵਾਲੀਆਂ ਦੋ ਨਿੱਕੀਆਂ ਜਿੰਦਾਂ-ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼ਬਦ ਨਮੋ-ਨਮੋ, ਨੇਤ-ਨੇਤ ਦੀ ਸਥਿਤੀ ਅਖਤਿਆਰ ਕਰ ਲੈਂਦੇ ਹਨ, ਕਿਉਂਕਿ ਇਹ ਸਾਕਾ ਦਿਲਾਂ ਤੇ ਦਿਮਾਗਾਂ ਨੂੰ ਵੀ ਕੰਬਣੀ ਛੇੜ ਦਿੰਦਾ ਹੈ, ਜਿਥੇ ਨਿਰਮਲ ਮਾਸੂਮੀਅਤ ਦੇ ਦੋ ਰੂਹਾਨੀ ਫੁੱਲ ਜਿਉਂਦੇ ਦੀਵਾਰਾਂ ਵਿਚ ਚਿਣ ਦਿੱਤੇ ਗਏ ਸਨ। ਦਸਮੇਸ਼ ਪਿਤਾ ਦੇ ਬਿੰਦੀ ਪੁੱਤਰਾਂ ਨੇ ਜਿਵੇਂ ਸ਼ਹਾਦਤਾਂ ਦੇ ਜਾਮ ਪੀਤੇ ਅਤੇ ਜਿਵੇਂ ਮਗਰੋਂ ਦਸਮੇਸ਼ ਪਿਤਾ ਦੇ ਨਾਦੀ ਪੁੱਤਰਾਂ ਨੇ ਇਸ ਦਾ ਇਤਿਹਾਸਕ ਜਵਾਬ ਦਿੱਤਾ, ਉਸ ਤੋਂ ਪਤਾ ਲੱਗਦਾ ਹੈ ਕਿ ਨੀਲੇ ਘੋੜੇ ਦੇ ਸ਼ਾਹਸਵਾਰ ਦੀ ਅਗਵਾਈ ਵਿਚ ਨਾਦੀ ਤੇ ਬਿੰਦੀ ਪੁੱਤਰਾਂ ਵਿਚ ਕੋਈ ਭੇਦ-ਭਾਵ ਨਹੀਂ ਸੀ ਰਹਿ ਗਿਆ। ਸਿੱਖ ਇਤਿਹਾਸ ਦਾ ਇਹ ਨਿਰਮਲ ਨਜ਼ਾਰਾ, ਜਿਸ ਵਿਚ ਪਵਿੱਤਰਤਾ ਦੇ ਅਨੇਕ ਰੰਗ ਹਨ, ਉਹ ਦ੍ਰਿਸ਼ ਇਸ ਧਰਤੀ 'ਤੇ ਵੱਸਦੀਆਂ ਹੋਰ ਕੌਮਾਂ ਨੂੰ ਵੀ ਇਹ ਸੰਦੇਸ਼ ਦਿੰਦਾ ਹੈ ਕਿ ਸੱਚੀ-ਸੁੱਚੀ, ਸਹੀ ਤੇ ਇਤਿਹਾਸ ਨੂੰ ਪ੍ਰਣਾਈ ਰਾਜਨੀਤਕ ਤੇ ਧਾਰਮਿਕ ਲੀਡਰਸ਼ਿਪ ਦੇ ਮਾਪਦੰਡ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ। ਇਹ ਘਟਨਾ ਅੱਜ ਦੇ ਸਿਆਸਤਦਾਨਾਂ ਲਈ ਵੀ ਇਕ ਚੰਗਾ ਸਬਕ ਹੈ। ਚਮਕੌਰ ਦੀ ਜੰਗ ਸੰਸਾਰ ਦੀਆਂ ਜੰਗੀ ਯਾਦਗਾਰਾਂ ਦੀ ਅਨੋਖੀ ਜੰਗ ਸੀ। ਸੰਸਾਰ ਦੀਆਂ ਦੋ ਹੀ ਬੇਜੋੜ ਜੰਗਾਂ ਹਨ-ਇਕ ਕਰਬਲਾ ਦੀ ਜੰਗ ਜਿਸ ਵਿਚ ਹਜ਼ਰਤ ਮੁਹੰਮਦ ਸਾਹਿਬ ਦਾ ਦੋਹਤਾ




ਸ਼ਹੀਦ ਹੁੰਦਾ ਹੈ ਅਤੇ ਦੂਜੀ ਚਮਕੌਰ ਦੀ ਜੰਗ। ਪਰ ਚਮਕੌਰ ਦੀ ਜੰਗ ਇਸ ਲਈ ਬੇਜੋੜ ਜੰਗ ਗਿਣੀ ਜਾਂਦੀ ਹੈ ਕਿਉਂਕਿ ਇਸ ਵਿਚ ਇਕ ਪਾਸੇ 40 ਸਿੰਘ ਅਤੇ ਦੂਜੇ ਪਾਸੇ ਲੱਖਾਂ ਹੀ ਵੈਰੀ ਸਨ। ਇਥੇ ਹੀ ਬੱਸ ਨਹੀਂ ਸਗੋਂ ਕੁਦਰਤ ਦੀਆਂ ਤਾਕਤਾਂ ਵੀ ਖਾਲਸੇ ਦੇ ਖਿਲਾਫ਼ ਆਣ ਖਲੋਤੀਆਂ ਸਨ। ਸਰਸਾ ਨਦੀ ਚੜ੍ਹੀ ਹੋਈ ਸੀ, ਉਪਰ ਪਹਾੜਾਂ 'ਤੇ ਬਰਫ ਸੀ ਤੇ ਸੀਤ ਠੰਢੀ ਹਵਾ ਨੇ ਸ਼ਮਸ਼ੀਰ ਦਾ ਰੂਪ ਧਾਰਨ ਕਰ ਲਿਆ ਸੀ। ਪਰ ਕਰੜੇ ਇਮਤਿਹਾਨ ਦੀ ਇਸ ਘੜੀ ਵਿਚ, ਦੁਖਾਂ ਦੇ ਇਨ੍ਹਾਂ ਪਲਾਂ ਵਿਚ ਗੁਰਬਾਣੀ ਦੇ ਕਥਨ ਅਨੁਸਾਰ ਖਾਲਸਾ ਦੁੱਖਾਂ ਵਿਚ ਸੁੱਖਾਂ ਦਾ ਜਸ਼ਨ ਮਨਾ ਰਿਹਾ ਸੀ। 'ਦੁਖਿ ਵਿਚਿ ਸੂਖ ਮਨਾਈ' (ਪੰਨਾ 757)। ਇਥੇ ਹੀ 'ਸਵਾ ਲਾਖ ਸੇ ਏਕ ਲੜਾਊਂ' ਦਾ ਆਦਰਸ਼ ਐਲਾਨਨਾਮਾ ਅਮਲਾਂ ਵਿਚ ਉਤਾਰਿਆ ਸੀ। ਐਮਰਸਨ ਨੇ ਕਿੰਨਾ ਸੋਹਣਾ ਲਿਖਿਆ ਹੈ ਕਿ ਮੌਤ ਤਾਂ ਸਭ ਨੂੰ ਹੀ ਇਕ ਦਿਨ ਆਉਣੀ ਹੈ, ਪਰ ਮਹਾਨ ਪ੍ਰਾਪਤੀਆਂ ਇਕ ਅਜਿਹੀ ਯਾਦਗਾਰ ਨੂੰ ਜਨਮ ਦਿੰਦੀਆਂ ਹਨ, ਜੋ ਉਦੋਂ ਤੱਕ ਕਾਇਮ ਰਹਿੰਦੀ ਹੈ ਜਦੋਂ ਤੱਕ ਸੂਰਜ ਠੰਢਾ ਨਹੀਂ ਹੋ ਜਾਂਦਾ। ਚਮਕੌਰ ਦੀ ਜੰਗ ਵੀ ਯਾਦਗਾਰਾਂ ਵਿੱਚੋਂ ਸਿਰਮੌਰ ਯਾਦਗਾਰ ਹੈ। ਚਮਕੌਰ ਦੀ ਜੰਗ ਇੱਕ ਤਰ੍ਹਾਂ ਨਾਲ ਸਮਾਜਿਕ, ਰਾਜਨੀਤਕ ਤੇ ਧਾਰਮਿਕ ਮੋਰਚਾ ਵੀ ਸੀ, ਜਦੋਂ ਗੁਰੂ ਗੋਬਿੰਦ ਸਿੰਘ ਨੇ ਭਾਈ ਸੰਗਤ ਸਿੰਘ ਦੇ ਸਿਰ ਉੱਤੇ ਕਲਗੀ ਸਜਾ ਕੇ ਅਨਿਆਂ, ਨਾਬਰਾਬਰੀ ਤੇ ਜ਼ੁਲਮ ਦੇ ਹਰ ਕਿਲ੍ਹੇ ਨੂੰ ਢਾਹ ਕੇ ਗੁਰੂ ਨਾਨਕ ਸਾਹਿਬ ਦੇ ਇਸ ਫ਼ੁਰਮਾਨ ਉੱਤੇ ਫੁੱਲ ਚੜ੍ਹਾਏ ਕਿ ਉਹ ਸਮਾਜ ਦੇ ਉਸ ਲਿਤਾੜੇ ਵਰਗ ਨਾਲ ਖੜ੍ਹੇ ਹਨ ਜਿਨ੍ਹਾਂ ਨੂੰ ਜਾਤ-ਪਾਤ ਦੇ ਪੈਰੋਕਾਰ ਹੰਕਾਰ ਵਿੱਚ ਸਭ ਤੋਂ ਨੀਚ ਕਹਿੰਦੇ ਹਨ, "ਨੀਚਾਂ, ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ। ਨਾਨਕੁ ਤਿਨ ਕੈ ਸੰਗ ਸਾਥਿ ਵਡਿਆ ਸਿਉ ਕਿਆ ਰੀਸੁ (ਪੰਨਾ 15)"। ਫਿਰ ਮਾਛੀਵਾੜੇ ਦੇ ਜੰਗਲ ਵਿੱਚ ਸੰਘਣੇ ਅੰਬਾਂ ਦੇ ਝੁੰਡ ਦੇ ਨੇੜੇ ਇੱਕ ਖੂਹ ਕੋਲ 'ਮਿੱਤਰ ਪਿਆਰੇ ਨੂੰ', ਸ਼ਬਦ ਦੀ ਗੂੰਜ ਵੀ ਇੱਕ ਲਲਕਾਰ ਹੈ: ਉਨ੍ਹਾਂ ਤਾਕਤਾਂ ਦੇ ਖ਼ਿਲਾਫ਼ ਜੋ ਇਸ ਰੂਹਾਨੀ ਦੁਨਿਆਵੀ ਸ਼ਬਦ ਵਿੱਚ ਸੂਲ, ਵਿੰਗ, ਖੰਜਰ ਤੇ ਖੇੜਿਆਂ ਦਾ ਰੂਪ ਧਾਰ ਕੇ ਦੁਖਾਂ, ਤਕਲੀਫ਼ਾਂ ਤੇ ਮੁਸੀਬਤਾਂ ਦਾ ਕਾਰਨ ਬਣੀਆਂ ਹਨ। ਪਰ ਗੁਰੂ ਸਾਹਿਬ ਨੂੰ ਮੁਸੀਬਤਾਂ ਦੇ ਇਹ ਪਹਾੜ ਵੀ 'ਯਾਰੜੇ ਦਾ ਸੱਥਰ" ਹੀ ਲੱਗਦੇ ਹਨ ਅਤੇ ਇਹ ਸ਼ਬਦ ਜੰਗ ਜਾਰੀ ਰੱਖਣ ਦਾ ਇੱਕ ਇਕਰਾਰਨਾਮਾ ਵੀ ਹੈ ਜੋ ਅੱਗੇ ਜਾ ਕੇ ਦੀਨਾ ਕਾਂਗੜ ਦੇ ਅਸਥਾਨ 'ਤੇ 'ਜ਼ਫਰਨਾਮਾ' ਦੇ ਰੂਪ ਵਿੱਚ ਪ੍ਰਗਟ ਹੋਇਆ। ਕੌਣ ਸਨ ਨਬੀ ਖਾਂ ਤੇ ਗਨੀ ਖਾਂ ਘੋੜਿਆਂ ਦੇ ਇਹ ਵਪਾਰੀ ਗੁਰੂ ਗੋਬਿੰਦ ਸਿੰਘ ਨੂੰ ਸੱਚੀ ਮੁਹੱਬਤ ਕਰਨ ਵਾਲੀਆਂ ਰੂਹਾਂ ਸਨ। ਚਮਕੌਰ ਦੀ ਜੰਗ ਖ਼ਤਮ ਹੋਣ ਪਿੱਛੋਂ ਦੂਰ-ਦੂਰ ਤੱਕ ਸਾਰੇ ਰਸਤਿਆਂ ਅਤੇ ਡਾਂਡੇ-ਮੀਂਡੇ ਰਾਹਾਂ ਉੱਤੇ ਅਤੇ ਅਣਜਾਣ ਪਗਡੰਡੀਆਂ 'ਤੇ ਵੀ ਗੁਰੂ ਸਾਹਿਬ ਦੀ ਭਾਲ ਵਿੱਚ ਪਹਿਰੇ ਲੱਗੇ ਹੋਏ ਸਨ। ਪਰ ਇਨ੍ਹਾਂ ਦੋਵਾਂ ਭਰਾਵਾਂ ਨੇ ਗੁਰੂ ਸਾਹਿਬ ਨੂੰ 'ਉੱਚ ਦਾ ਪੀਰ' ਬਣਾ ਕੇ ਆਲਮਗੀਰ ਤੱਕ ਸਫ਼ਰ ਕੀਤਾ। ਉਨ੍ਹਾਂ ਸਿੱਧ ਕੀਤਾ ਕਿ ਉਹ ਸੱਚਮੁੱਚ ਹੀ ਇਸਲਾਮ ਦੀ ਧੁਰ ਅੰਦਰਲੀ ਜਗਦੀ ਮਘਦੀ ਜਰਖੇਜ਼ ਚੇਤਨਾ ਦੇ ਹਾਣੀ ਸਨ। ਪਰ ਦੂਜੇ ਪਾਸੇ ਗੰਗੂ ਰਸੋਈਏ ਨੇ ਪਨਾਹ ਵਿੱਚ ਆਏ ਦੋ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਗ੍ਰਿਫ਼ਤਾਰ ਕਰਵਾ ਕੇ ਇੱਕ ਅਜਿਹਾ ਗੁਨਾਹ ਕੀਤਾ ਜੋ ਸ਼ਾਇਦ ਜੂਡਸ ਇਸਕਾਰੀਓਟ ਤੋਂ ਵੀ ਕਿਤੇ ਵੱਧ ਸੀ, ਜਿਸ ਨੇ ਪ੍ਰਭੂ ਯਸੂ ਮਸੀਹ ਨੂੰ ਫੜਾਉਣ ਦਾ ਘੋਰ ਪਾਪ ਕੀਤਾ ਸੀ। ਗੰਗੂ ਨੇ ਏਡਾ ਵੱਡਾ ਵਿਸ਼ਵਾਸਘਾਤ ਕਿਉਂ ਕੀਤਾ? ਇਹ ਅਜੇ ਤੱਕ ਭੇਤ ਹੀ ਬਣਿਆ ਹੋਇਆ ਹੈ। ਜਦੋਂ ਵਜ਼ੀਰ ਖਾਂ ਦੀ



ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ ਜਾਂਦਾ ਹੈ ਤਾਂ ਉਸ ਸਮੇਂ ਦੀਵਾਨ ਸੁੱਚਾ ਨੰਦ ਅਤੇ ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਦਾ ਜ਼ਿਕਰ ਆਉਂਦਾ ਹੈ, ਜਿਸ ਵਿੱਚ ਸੁੱਚਾ ਨੰਦ ਬਹਿਸ ਦੌਰਾਨ 'ਸੱਪਾਂ ਦੇ ਬੱਚੇ ਸੱਪ ਹੀ ਰਹਿਣਗੇ' ਦਾ ਤਰਕ ਦੇ ਕੇ ਸਾਹਿਬਜ਼ਾਦਿਆਂ ਲਈ ਸਜ਼ਾ-ਏ-ਮੌਤ ਦੀ ਸਲਾਹ ਦਿੰਦਾ ਹੈ ਜਦਕਿ ਸ਼ੇਰ ਮੁਹੰਮਦ ਖਾਂ ਦੀ ਜਾਗੀ ਜ਼ਮੀਰ ਬੱਚਿਆਂ ਉੱਤੇ ਅਜਿਹਾ ਜ਼ੁਲਮ ਢਾਹੁਣ ਤੋਂ ਵਜ਼ੀਰ ਖਾਂ ਨੂੰ ਰੋਕਦੀ ਹੈ। ਓੜਕ ਬੱਚਿਆਂ ਨੂੰ ਨੀਹਾਂ ਵਿੱਚ ਜਿਉਂਦੇ ਚਿਣ ਕੇ ਨਿਰਮਲ ਮਾਸੂਮੀਅਤ ਦਾ ਕਤਲ ਕਰ ਦਿੱਤਾ ਜਾਂਦਾ ਹੈ। ਸ਼ੇਰ ਮੁਹੰਮਦ ਖਾਂ ਦੀ ਜਾਗੀ ਜ਼ਮੀਰ ਵਿੱਚੋਂ ਉੱਠੀ ਆਵਾਜ਼ ਨੂੰ ਇਤਿਹਾਸ ਅਤੇ ਖਾਲਸਾ ਅੱਜ ਤੱਕ 'ਹਾਅ ਦੇ ਨਾਅਰੇ' ਨਾਲ ਯਾਦ ਕਰਦਾ ਹੈ। ਮਾਤਾ ਗੁਜਰੀ ਜੀ ਵੀ ਕਹਿਰ ਦੇ ਇਸ ਸਦਮੇ ਨੂੰ ਸਹਿ ਨਾ ਸਕੇ ਅਤੇ ਉਹ ਵੀ ਸ਼ਹੀਦ ਹੋ ਗਏ। ਇੰਜ, 26 ਦਸੰਬਰ ਨੂੰ ਸ਼ਹਾਦਤਾਂ ਦਾ ਇਹ ਸੱਤ ਦਿਨਾਂ ਦਾ ਸਫ਼ਰ ਦਰਦਨਾਕ ਯਾਦਾਂ ਛੱਡ ਕੇ ਸਮਾਪਤ ਹੁੰਦਾ ਹੈ। ਚਮਕੌਰ ਦੀ ਜੰਗ ਜਿੱਥੇ ਰੂਹਾਨੀ ਤੇ ਇਤਿਹਾਸਕ ਰੰਗਾਂ ਦਾ ਇਸ ਧਰਤੀ ਉੱਤੇ ਇੱਕ ਸੁਹਾਵਣਾ ਮੇਲਾ ਹੈ, ਉੱਥੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਿਰਭਉ ਤੇ ਨਿਰਵੈਰ ਮਾਸੂਮੀਅਤ ਦਾ ਕਤਲ ਹੈ। ਸਾਹਿਬਜ਼ਾਦਿਆਂ ਨੂੰ ਕਤਲ ਕਰਨ ਦਾ ਇਰਾਦਾ ਮਾਸੂਮੀਅਤ ਨੂੰ ਇਸ ਧਰਤੀ ਤੋਂ ਖ਼ਤਮ ਕਰਨ ਦਾ ਯਤਨ ਸੀ, ਪਰ ਸਾਹਿਬਜ਼ਾਦਿਆਂ ਨੇ ਸ਼ਹਾਦਤਾਂ ਦੇ ਕੇ ਇਸ ਧਰਤੀ ਉੱਤੇ ਮਾਸੂਮੀਅਤ ਦਾ ਪਰਚਮ ਬੁਲੰਦ ਕੀਤਾ। ਇਸ ਮਾਸੂਮੀਅਤ ਵਿੱਚ ਗਿਆਨ ਦੇ ਚਾਨਣ ਦੀਆਂ ਕਿਰਨਾਂ ਵੀ ਹਾਜ਼ਰ-ਨਾਜ਼ਰ ਹਨ ਜੋ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੇ ਦਲੇਰਾਨਾ ਜਵਾਬਾਂ ਵਿੱਚੋਂ ਮਿਲਦੀਆਂ ਹਨ।

NORTHCOAST
LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ


**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™
With the support of
BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਮੁਗ਼ਲ ਫੱਟੜਾਂ ਦੀ ਦੇਖ-ਰੇਖ ਕਰਨੀ

759 ਮੁਗਲ ਦੌੜ ਗਏ ਛੱਡ ਕੇ ਫੱਟੜਾਂ ਨੂੰ, ਪਾਣੀ ਪਾਣੀ ਉਹ ਕੁਰਲਾਂਵਦੇ ਨੇ।
ਸਤਿਗੁਰ ਆਪਣੇ ਸਿੰਘਾਂ ਨੂੰ ਨਾਲ ਲੈ ਕੇ, ਕੱਲੇ ਕੱਲੇ ਨੂੰ ਪਾਣੀ ਪਲਾਂਵਦੇ ਨੇ।
ਮੱਲਮ-ਪੱਟੀਆਂ ਕਰਕੇ ਜ਼ਖ਼ਮਾਂ ਤੇ ਕੈਂਪਾਂ ਵਿਚ ਉਹ ਲੈ ਕੇ ਜਾਂਵਦੇ ਨੇ।
ਹਰਚੰਦ ਸਿੰਘਾ ਹੋਏ ਨਿਹਾਲ ਜ਼ਖਮੀ, ਹੱਥ ਗੁਰਾਂ ਦੇ ਚਰਨੀ ਲਾਂਵਦੇ ਨੇ॥

### ਗੁਰੂ ਜੀ ਦੇ ਬਚਨ

760 ਜਦ ਜਾਨ ਜਿੰਦ ਤੋਂ ਜੁਦਾ ਹੋਏ, ਫਿਰ ਧਰਮ ਨਾ ਉਸਦੀ ਜਾਤ ਸਿੰਘੋ।
ਵੱਡਾ ਸੂਰਮਾ ਹੋਏ ਜਾਂ ਮਹਾਰਾਜਾ, ਨਾ ਬਲ ਨਾ ਕੋਈ ਓਕਾਤ ਸਿੰਘੋ।
ਬਿੱਲੇ ਲਾਉਣਾ ਕੰਮ ਜਿਊਂਦਿਆਂ ਦਾ, ਭਾਵੇਂ ਦਿਨ ਹੈ ਭਾਵੇਂ ਰਾਤ ਸਿੰਘੋ।
ਨਾਲ ਪ੍ਰੇਮ ਦੇ ਕਰੋ ਸਸਕਾਰ ਉਸਦਾ, ਜਿਵੇਂ ਉਸਦੀ ਕਰੇ ਜਮਾਤ ਸਿੰਘੋ॥

### ਕਵੀਓ ਵਾਚ

761 ਕੱਠੇ ਕਰਕੇ ਮੋਏ ਮੁਗਲ ਫੌਜੀ, ਸਿੰਘਾਂ ਸਾਰੇ ਕਬਰੀਂ ਪਾ ਦਿੱਤੇ।
ਦੇਖ-ਰੇਖ ਕਰਕੇ ਸਾਰੇ ਜ਼ਖ਼ਮੀਆਂ ਦੀ, ਥਾਊਂ-ਥਾਈਂ ਉਹ ਪਹੁੰਚਾ ਦਿੱਤੇ।
ਸਿੱਖੀ ਸਾਂਝੀ ਸਭ ਦਾ ਮਾਣ ਕਰਦੀ, ਸਿੰਘਾਂ ਆਪਣੇ ਫ਼ਰਜ਼ ਨਿਭਾ ਦਿੱਤੇ।
ਸਿੱਖ ਭਲਾ ਸਰਬੱਤ ਦਾ ਮੰਗਦਾ ਏ, ਹਰਚੰਦ ਸਿੰਘਾ ਬੋਲ ਪੁਗਾ ਦਿੱਤੇ॥

### ਆਖਰੀ ਯੁੱਧ

762 ਇਹ ਆਖਰੀ ਯੁੱਧ ਸੀ ਗੁਰੂ ਜੀ ਦਾ, ਸਿੰਘਾਂ ਲੋਹੇ ਦੇ ਚਣੇ ਚਬਾ ਦਿੱਤੇ।
ਮੁੜ ਕਿਸੇ ਨਾ ਇੱਧਰ ਨੂੰ ਮੂੰਹ ਕਰਿਆ, ਇਸ ਤਰ੍ਹਾਂ ਸੀ ਮੂੰਹ ਭੁਆ ਦਿੱਤੇ।
ਥਾਂ ਥਾਂ ਤੇ ਜਾ ਕੇ ਦਸਮੇਸ਼ ਜੀ ਨੇ, ਛੋਟੇ ਵੱਡੇ ਸਿੰਘ ਸਜਾ ਦਿੱਤੇ।
ਦੀਵੇ ਜੋ ਬੁਝਾਏ ਝੱਖੜਾਂ ਨੇ, ਹਰਚੰਦ ਸਿੰਘਾ ਮੁੜ ਜਗਾ ਦਿੱਤੇ॥

### ਕਵੀਓ ਵਾਚ

763 ਜਿੱਤ ਹੋਈ ਗੁਰਾਂ ਦੀ ਜਬਰ ਉਤੇ, ਬੀਆਬਾਨ ਨੂੰ ਭਾਗ ਲਗਾ ਦਿੱਤੇ।
ਅੱਜ ਉਥੋਂ ਮੁਰਾਦਾਂ ਮਿਲਦੀਆਂ ਨੇ, ਜਿੱਥੇ ਜਿੱਥੇ ਚਰਨ ਸੁਹਾ ਦਿੱਤੇ।
ਮੁਕਤਸਰ ਦੁੱਖਾਂ ਦੀ ਕਰੇ ਮੁਕਤੀ, ਸੋਮੇ ਸੁੱਖਾਂ ਦੇ ਉਥੇ ਵਗਾ ਦਿੱਤੇ।
ਹਰਚੰਦ ਸਿੰਘਾ ਗੁਰਾਂ ਨੇ ਮਾਲਵੇ ਦੇ, ਸੱਚ ਜਾਣੋ ਤੇ ਭਾਗ ਜਗਾ ਦਿੱਤੇ॥

### ਕਪੂਰੇ ਚੌਧਰੀ ਦਾ ਤੁਰਕਾਂ ਨੂੰ ਡਰਾਉਣਾ

764 ਕਪੂਰਾ ਚੌਧਰੀ ਤੁਰਕਾਂ ਨਾਲ ਕਹਿੰਦੇ, ਆਇਆ ਦੱਸਦਾ ਉਨ੍ਹਾਂ ਨੂੰ ਰਾਹ ਮੀਆਂ।
ਗੁਰੂ ਸਾਹਿਬ ਦੇ ਪਾਸ ਹੈ ਫੌਜ ਭਾਰੀ, ਤੰਬੂ ਦਿੱਤੇ ਸੀ ਦੂਰੋਂ ਵਿਖਾ ਮੀਆਂ।
ਸੋਨੂੰ ਪਾਣੀ ਦਾ ਘੁੱਟ ਨਾ ਪੀਣ ਦੇਣਾ, ਕਬਜਾ ਢਾਬ ਦੇ ਲਿਆ ਜਮਾ ਮੀਆਂ।
ਇੱਕ ਜਥੇ ਨੇ ਲੋਥਾਂ ਦੇ ਢੇਰ ਲਾਏ, ਅੱਗੇ ਫ਼ੌਜਾਂ ਦਾ ਕੋਈ ਨਹੀਂ ਥਾਹ ਮੀਆਂ॥

765 ਬਾਰਾਂ ਬਾਰਾਂ ਕੋਹ ਨਾ ਕਿਤੇ ਪਾਣੀ, ਸੋਕਾ ਪਿਆ ਏ ਵਿਚ ਉਜਾੜਾਂ ਦੇ।
ਚਾਰੋਂ ਪਾਸੀਂ ਤਾਕ ਨੇ ਲਾਈਂ ਬੈਠੇ, ਹਰਖੇ ਹੋਏ ਪੁੱਤ ਬਰਾੜਾਂ ਦੇ।
ਪਿੱਛੇ ਮੁੜਨ ਦੇ ਵਿੱਚ ਹੀ ਅਕਲਮੰਦੀ, ਲੋਥਾਂ ਰੁਲਣੀਆਂ ਵਿੱਚ ਨੇ ਝਾੜਾਂ ਦੇ।
ਹਰਚੰਦ ਸਿੰਘਾ ਹੌਸਲੇ ਟੁੱਟ ਗਏ, ਮੂੰਹ ਡਰ ਕੇ ਮੁੜ ਗਏ ਧਾੜਾਂ ਦੇ॥

766 ਜਿਹੜੇ ਫਿਰਦੇ ਦਨ-ਦਨਾਦੇ ਸੀ, ਖੁੱਲ੍ਹੇ ਬੇਲਿਆਂ ਵਿਚ ਜਿਉਂ ਸ਼ੇਰ ਲੋਕੋ।
ਮੂਹਰੇ ਆਇਆ ਜਾਨ ਗੁਆ ਬਹਿੰਦਾ, ਜ਼ੋਰੀਂ ਲੈਂਦੇ ਸੀ ਉਸਨੂੰ ਘੇਰ ਲੋਕੋ।
ਕੀਤਾ ਹੌਸਲਾ ਢਾਬ ਤੇ ਜਾਣ ਦਾ ਨਾ, ਲੋਹਾ ਮੰਨਗਏ ਵੱਡੇ ਦਲੇਰ ਲੋਕੋ।
ਹਰਚੰਦ ਸਿੰਘਾ ਗੁਰਾਂ ਨੇ ਕਰੇ ਪੈਦਾ, ਸਨਮੁੱਖ ਸ਼ੇਰਾਂ ਦੇ ਬੱਬਰ ਸ਼ੇਰ ਲੋਕੋ॥

### ਕਵੀਓ ਵਾਚ

767 ਮੂੰਹ ਮੋੜ ਕੇ ਗੁਰਾਂ ਨੇ ਤੁਰਕਾਂ ਦੇ, ਸ਼ੁਰੂ ਉਨ੍ਹਾਂ ਨੇ ਅੰਮ੍ਰਿਤ ਪ੍ਰਚਾਰ ਕੀਤਾ।
ਅੱਗੇ ਜਾਣ ਦੀ ਮਨਸਾ ਰੱਦ ਕੀਤੀ, ਪਿੱਛੇ ਮੁੜਨ ਦਾ ਉਨ੍ਹਾਂ ਵਿਚਾਰ ਕੀਤਾ।
ਪਿੰਡ ਪਿੰਡ ਆਪਣੇ ਚਰਨ ਪਾਏ, ਲੱਖਾਂ ਲੋਕਾਂ ਦਾ ਉਨ੍ਹਾਂ ਉਧਾਰ ਕੀਤਾ।
ਭਾਗ ਲਾਏ ਜੰਗਲਾਂ ਬੇਲਿਆਂ ਨੂੰ, ਰੱਜ ਸੰਗਤਾਂ ਦੀਦ-ਦੀਦਾਰ ਕੀਤਾ॥

### ਭਰਤੀ ਕੀਤੇ ਸਿੰਘਾਂ ਨੇ ਤਨਖਾਹ ਮੰਗਣੀ

768 ਜਿਹੜੇ ਗੱਭਰੂ ਗੁਰਾਂ ਨੇ ਕਰੇ ਭਰਤੀ, ਉਹੋ ਆ ਕੇ ਗੁਰਾਂ ਨੂੰ ਕਹਿਣ ਲੱਗੇ।
ਮਿਹਰਾਂ ਵਾਲਿਓ ਦੇਉ ਤਨਖਾਹ ਸਾਨੂੰ, ਇੱਕ-ਦੂਜੇ ਤੋਂ ਕਾਹਲੇ ਪੈਣ ਲੱਗੇ।
ਕਈ ਮਹੀਨੇ ਉਡੀਕ ਦੇ ਵਿੱਚ ਲੰਘੇ, ਸਾਡੇ ਟੱਬਰ ਭੁੱਖਾਂ ਸਹਿਣ ਲੱਗੇ।
ਹਰਚੰਦ ਸਿੰਘਾ ਘਰਾਂ ਵਿਚ ਭੰਗ ਭੁੱਜੇ, ਅਤੇ ਲੰਗਰ ਮਸਤਾਨੇ ਰਹਿਣ ਲੱਗੇ॥

### ਗੁਰੂ ਜੀ

769 ਕਹਿੰਦੇ ਗੁਰੂ ਜੀ ਸਿੰਘੋ ਸਬਰ ਕਰੋ, ਥੋੜੇ ਰੋਕੜੇ ਅਸੀਂ ਉਤਾਰ ਦੇਣੇ।
ਗੱਫੇ ਮਾਇਆ ਦੇ ਜਦ ਵੀ ਆਣ ਪਹੁੰਚੇ, ਸੋਨੂੰ ਗਿਣ ਕੇ ਨਾਲ ਪਿਆਰ ਦੇਣੇ।
ਅਕਾਲ ਪੁਰਖ ਨੂੰ ਫ਼ਿਕਰ ਹੈ ਸਾਰਿਆਂ ਦਾ, ਕਰ ਉਸਨੇ ਪਰ-ਉਪਕਾਰ ਦੇਣੇ।
ਖਜ਼ਾਨਾ ਮਸਤਾਨਾ ਅਜੇ ਹਰਚੰਦ ਸਿੰਘਾ, ਥੋਨੂੰ ਦੋ ਦੇ ਅਸਾਂ ਨੇ ਚਾਰ ਦੇਣੇ॥

### ਸਿੱਖਾਂ ਦਾ ਉੱਤਰ

770 ਧਨ ਅਗਰ ਖ਼ਜਾਨੇ ਵਿੱਚ ਨਾ ਸੀ, ਪਹਿਲਾਂ ਪੈਸੇ ਦਾ ਇੰਤਜ਼ਾਮ ਕਰਦੇ।
ਅਸੀਂ ਨਿੱਤ ਦੀ ਕਰਕੇ ਖਾਣ ਵਾਲੇ, ਮਿਹਨਤ ਕਰਕੇ ਆਪਣੇ ਪੇਟ ਭਰਦੇ।
ਜਾਨਾ ਹੂਲ ਕੇ ਆਪਦੇ ਨਾਲ ਆਏ, ਸਾਡੇ ਗਏ ਫੁੱਟ ਨਸੀਬ ਘਰਦੇ।
ਪਤਾ ਹੁੰਦਾ ਅਗਰ ਹਰਚੰਦ ਸਿੰਘਾ, ਘਰੋਂ ਬਾਹਰ ਨਾ ਅਸੀਂ ਪੈਰ ਧਰਦੇ॥

### ਗੁਰੂ ਜੀ

771 ਸੇਵਾ ਦੇਸ਼ ਦੀ ਪੁੱਤਰੋ ਬੜੀ ਔਖੀ, ਇਸ ਰਾਹ ਤੇ ਬੜੀਆਂ ਤੰਗੀਆਂ ਨੇ।
ਚਾਲੀ ਮੁਕਤੇ ਮੁੱਕ ਗਏ ਕੌਮ ਲਈ, ਲਾਸ਼ਾਂ ਆਪਣੀ ਰੱਤ ਵਿੱਚ ਰੰਗੀਆਂ ਨੇ।
ਬੀਬੀ ਭਾਗੋ ਚੱਲ ਕੇ ਆਪ ਆਈ, ਤੇਗਾਂ ਉਸਦੇ ਤਨ 'ਚੋਂ ਲੰਘੀਆਂ ਨੇ।
ਯੋਧੇ ਵਾਰ ਗਏ ਦੇਸ ਦੇ ਲਈ ਜਾਨਾਂ, ਉਨ੍ਹਾਂ ਉਜਰਤਾਂ ਮੂਲ ਨਾ ਮੰਗੀਆਂ ਨੇ॥

### ਤਨਖਾਹੀਏ

772 ਕੀ ਪਤਾ ਮਾਇਆ ਨੇ ਕਦ ਆਉਣਾ, ਪਰ ਸਾਨੂੰ ਅੱਜ ਹੈ ਲੋੜ ਦਾਤਾ।
ਜੋ ਬਣਦਾ ਸਾਡਾ ਹਿਸਾਬ ਕਰਕੇ, ਸਾਨੂੰ ਆਪਣੇ ਘਰਾਂ ਨੂੰ ਮੋੜ ਦਾਤਾ।
ਇਹ ਸੋਚ ਕੇ ਹੋਏ ਸੀ ਅਸੀਂ ਭਰਤੀ, ਆਪ ਕੋਲ ਨਾ ਮਾਇਆ ਦੀ ਥੋੜ੍ਹ ਦਾਤਾ।
ਹਰਚੰਦ ਸਿੰਘਾ ਹੋਏ ਹੈਰਾਨ ਅਸੀਂ, ਸਾਡੇ ਦਿਲ ਹੀ ਦਿੱਤੇ ਨੇ ਤੋੜ ਦਾਤਾ॥

### ਧਰਮੀ ਸਿੱਖ ਦਾ ਆਉਣਾ

773 ਐਨੇ ਚਿਰ ਨੂੰ ਗੁਰਾਂ ਦਾ ਸਿੱਖ ਕਹਿੰਦੇ, ਪਾਸ ਗੁਰਾਂ ਦੇ ਚੱਲ ਕੇ ਆਇਆ ਏ।
ਪੋਠੋਹਾਰ ਤੋਂ ਲੈ ਦਸਵੰਧ ਉਹੋ, ਦੋ ਖੱਚਰਾਂ ਲੱਦ ਲਿਆਇਆ ਏ।
ਦਰਸ਼ਨ ਕਰਕੇ ਗੁਰਾਂ ਦੇ ਧੰਨ ਹੋਇਆ, ਆ ਚਰਨੀ ਸੀਸ ਟਕਾਇਆ ਏ।
ਅਮਾਨਤ ਗੁਰਾਂ ਦੀ ਗੁਰਾਂ ਨੂੰ ਭੇਂਟ ਕਰਕੇ, ਉਸ ਰੱਬ ਦਾ ਸ਼ੁਕਰ ਮਨਾਇਆ ਏ॥

774 ਸਤਿਗੁਰ ਉੱਠ ਕੇ ਸਿੱਖ ਨੂੰ ਆਪ ਮਿਲੇ, ਨਾਲ ਪਿਆਰ ਦੇ ਗਲੇ ਲਗਾਂਵਦੇ ਨੇ।
ਉਹ ਵੀ ਸਿੱਖ ਤਨਖਾਹਾਂ ਮੰਗਦੇ ਜੋ, ਉਹ ਵੀ ਸਿੱਖ ਜੋ ਧਨ ਲਿਆਂਵਦੇ ਨੇ।
ਪੰਧ ਕਰਕੇ ਕਈ ਮਹੀਨਿਆਂ ਦਾ, ਜਾਨ ਤਲੀ ਤੇ ਰੱਖ ਕੇ ਆਂਵਦੇ ਨੇ।
ਸਾਨੂੰ ਲੋੜ ਹੈ ਇਹੋ ਜੇ ਧਰਮੀਆਂ ਦੀ, ਸਤਿਗੁਰ ਸੰਗਤਾਂ ਤਾਈਂ ਸੁਣਾਂਵਦੇ ਨੇ॥

*ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE 1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

✦✦✦✦✦✦✦✦✦✦✦✦✦✦

ਕੈਨੇਡੀਅਨ ਪੀ.ਆਰ ਸੈਣੀ ਸਿੱਖ ਕੇਸਧਾਰੀ ਲੜਕਾ, 26, 6'2", B.Com ਕੈਨੇਡਾ ਵਿੱਚ ਆਪਣਾ ਬਿਜ਼ਨੈਸ , ਲਈ ਪੀ.ਆਰ ਲੜਕੀ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡਿੰਟ ਲੜਕੀ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ਸੰਪਰਕ-604-825-4503 ਜਾਂ 011-977-923-3484

✦✦✦✦✦✦✦✦✦✦✦✦✦✦

### ਲੜਕੇ ਦੀ ਲੋੜ

ਜੱਟ ਸਿੱਖ ਪੰਧੇਰ ਕੈਨੇਡੀਅਨ PR, ਉਮਰ 25 ਸਾਲ, ਕੱਦ 5 ਫੁੱਟ 6 ਇੰਚ, ਜੌਬ ਕਰਦੀ ਲੜਕੀ ਵਾਸਤੇ ਵੈਸ਼ਨੂ PR ਜਾਂ ਵਰਕ ਪਰਮਿਟ ਲੜਕੇ ਦੀ ਲੋੜ ਹੈ, ਮਾਲਵਾ ਖੇਤਰ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ-604-781-4266 , ਈਮੇਲ - jagmandeepsingh22@gmail.com

✦✦✦✦✦✦✦✦✦✦✦✦✦✦

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

✦✦✦✦✦✦✦✦✦✦✦✦✦✦

## MATRIMONIALS

### ਲੜਕੇ ਦੀ ਲੋੜ

ਰਾਮਗੜ੍ਹੀਆ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ, ਉਮਰ 39, 5'3", ਵਾਸਤੇ ਯੋਗ ਵਰ ਦੀ ਕੈਨੇਡਾ ਤੋਂ ਲੋੜ ਹੈ। ਲੜਕੀ ਨੇ +2 ਪਾਸ ਕਰਕੇ OT ਦਾ ਕੋਰਸ ਕੀਤਾ ਹੋਇਆ ਹੈ। ਕੋਈ ਜਾਤੀ ਬੰਧਨ ਨਹੀ ਹੈ। ਸੰਪਰਕ-ਕੈਨੇਡਾ:604-644-1812 ਅਤੇ ਭਾਰਤ: 98140-90611

jan 01

✦✦✦✦✦✦✦✦✦✦✦✦✦✦

### ਜੀਵਨ ਸਾਥਣ ਦੀ ਲੋੜ

54 ਸਾਲਾਂ ਕਨੇਡੀਅਨ ਸਿਟੀਜ਼ਨ ਜੱਟ ਸਿੱਖ ਵਿਅਕਤੀ ਲਈ ਪੀ ਆਰ ਜਾਂ ਕਨੇਡੀਅਨ ਸਿਟੀਜ਼ਨ ਜੀਵਨ ਸਾਥਣ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। । ਸੰਪਰਕ-778-968-3685

dec25

✦✦✦✦✦✦✦✦✦✦✦✦✦✦

## EMPLOYMENTS

NU Style Kitchen Cabinet ਕੰਪਨੀ ਨੂੰ ਆਫਿਸ ਅਤੇ ਵੇਅਰਹਾਊਸ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-761-0775 ਜਾਂ 604-825-7322 ਤੇ ਸੰਪਰਕ ਕਰੋ।

jan 01

✦✦✦✦✦✦✦✦✦✦✦✦✦✦

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮੇਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan 01

✦✦✦✦✦✦✦✦✦✦✦✦✦✦

SO WE CAN KEEP YOU UPDATE ON ALL THE LATEST GOODIES!
LIKE OUR PAGE
ads@thelinkpaper.ca
www.thelinkpaper.ca
Ph: 604.591.5160

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

✦✦✦✦✦✦✦✦✦✦✦✦✦✦

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

✦✦✦✦✦✦✦✦✦✦✦✦✦✦

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ: ਸਾਹਿਬ ਸਿੰਘ : 778-863-9000**

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

✦✦✦✦✦✦✦✦✦✦✦✦✦✦

# ਔਲਾਦ ਪ੍ਰਤੀ ਫ਼ਰਜ਼ ਨਿਭਾਉਣ ਦੀ ਲੋੜ



ਪਹਿਲਾਂ ਔਰਤਾਂ ਜ਼ਿਆਦਾਤਰ ਆਪਣੇ ਘਰਾਂ ਅਤੇ ਬੱਚਿਆਂ ਦੀ ਸਾਂਭ ਸੰਭਾਲ ਵਿੱਚ ਹੀ ਜ਼ਿਆਦਾ ਸਮਾਂ ਬਤੀਤ ਕਰਦੀਆਂ ਸਨ। ਘਰ ਕੱਚੇ ਹੁੰਦੇ ਜਾਂ ਪੱਕੇ ਘਰ ਦੀ ਸੁਆਣੀ ਹੀ ਘਰ ਸੰਵਾਰਦੀ ਸੀ, ਨਾਲ ਹੀ ਆਪਣੀ ਔਲਾਦ ਵੱਲ ਵੀ ਪੂਰਾ-ਪੂਰਾ ਧਿਆਨ ਦਿੰਦੀ ਸੀ। ਉਨ੍ਹਾਂ ਸਮਿਆਂ ਵਿੱਚ ਬੱਚੇ ਵੀ ਘੱਟ ਤੋਂ ਘੱਟ ਤਿੰਨ, ਵੱਧ ਤੋਂ ਵੱਧ ਜਿੰਨੇ ਵੀ ਹੋਣ ,ਉਨ੍ਹਾਂ ਸਾਰਿਆਂ ਦੀ ਜ਼ਿੰਮੇਵਾਰੀ ਘਰ ਦੀ ਸੁਆਣੀ ਦੀ ਹੀ ਹੁੰਦੀ ਸੀ। ਉਸ ਸਮੇਂ ਔਰਤ ਅਨਪੜ੍ਹ ਹੁੰਦੀ ਸੀ ਜਾਂ ਪੜ੍ਹੀ ਲਿਖੀ ਆਪਣੇ ਘਰ ਅਤੇ ਔਲਾਦ ਲਈ ਸਮਰਪਿਤ ਹੁੰਦੀ ਸੀ। ਔਲਾਦ ਵੀ ਚੰਗੇ ਸੰਸਕਾਰਾਂ ਵਾਲੀ ਹੁੰਦੀ ਸੀ। ਬੱਚੇ ਵੱਧ ਤੋਂ ਵੱਧ ਸਮਾਂ ਇੱਕਠੇ ਖੇਡਦੇ ਤੇ ਪੜ੍ਹਦੇ ਸਨ। ਬੱਚੇ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਦੇ ਸਨ।

ਅੱਜ ਦੀਆਂ ਔਰਤਾਂ ਪਹਿਲਾਂ ਨਾਲੋਂ ਜ਼ਿਆਦਾ ਪੜ੍ਹੀਆਂ ਲਿਖੀਆਂ ਹਨ। ਮਹਿੰਗਾਈ ਕਾਰਨ ਦੋਨਾਂ ਪਤੀ ਪਤਨੀ ਨੂੰ ਘਰ ਦਾ ਗੁਜ਼ਾਰਾ ਕਰਨ ਲਈ ਕੰਮ ਕਰਨੇ ਪੈਂਦੇ ਹਨ। ਪੜ੍ਹਣ-ਲਿਖਣ ਨਾਲ ਔਰਤਾਂ ਵਿੱਚ ਬਹੁਤ ਜਾਗਰੂਕਤਾ ਆਈ ਹੈ। ਉਹ ਪੈਸੇ ਕਮਾਉਣ ਵਿੱਚ ਮਰਦਾਂ ਤੋਂ ਪਿੱਛੇ ਨਹੀਂ ਰਹੀਆਂ। ਕਮਾਈ ਕਰਨ ਲਈ ਦੋਵੇਂ ਪਤੀ ਪਤਨੀ ਘਰੋਂ ਬਾਹਰ 6 ਤੋਂ 10 ਘੰਟੇ ਰਹਿੰਦੇ ਹਨ, ਕਈ ਵਾਰ ਤਾਂ ਕਈ ਕਈ ਮਹੀਨੇ। ਔਰਤਾਂ ਨੇ ਘਰ ਵੀ ਸੰਭਾਲਣਾ ਹੁੰਦਾ ਹੈ ਤੇ ਆਪਣੀ ਔਲਾਦ ਵੱਲ ਵੀ ਧਿਆਨ ਦੇਣਾ ਹੁੰਦਾ ਹੈ। ਇਸ ਤਰ੍ਹਾਂ ਤੀਹਰੀ ਜ਼ਿੰਦਗੀ ਜੀਅ ਰਹੀ ਔਰਤ ਨੂੰ ਪਤੀ ਵੱਲੋਂ ਪੂਰਾ ਸਨਮਾਨ ਤੇ ਸਹਿਯੋਗ ਵੀ ਮਿਲਣਾ ਚਾਹੀਦਾ ਹੈ ਤਾਂ ਕਿ ਔਰਤ ਵੱਧ ਤੋਂ ਵੱਧ ਸਮਾਂ ਆਪਣੀ ਔਲਾਦ ਨੂੰ ਦੇ ਸਕੇ ਤੇ ਉਨ੍ਹਾਂ ਵਿੱਚ ਚੰਗੇ ਗੁਣ ਭਰ ਸਕੇ। ਉਨ੍ਹਾਂ ਨੂੰ ਚੰਗਾ ਖਾਣਾ ਖਵਾ ਸਕੇ ਤਾਂ ਜੋ ਉਹ ਤਨ ਮਨ ਤੋਂ ਰਿਸ਼ਟ-ਪੁਸ਼ਟ ਹੋਣ। ਔਰਤ ਆਪਣੇ ਬੱਚਿਆਂ ਦੀ ਰਗ ਰਗ ਤੋਂ ਵਾਕਿਫ਼ ਹੁੰਦੀ ਹੈ, ਪਰ ਸਿਰਫ਼ ਉਹ ਹੀ ਹੈ ਜੋ ਆਪਣੇ ਬੱਚਿਆਂ ਨੂੰ ਕਾਫ਼ੀ ਸਮਾਂ ਦਿੰਦੀ ਹੈ। ਉਹ ਆਪਣੇ ਬੱਚਿਆਂ ਵਿੱਚ ਚੰਗੇ ਸੰਸਕਾਰ ਭਰ ਸਕਦੀ ਹੈ। ਜੇਕਰ ਔਰਤਾਂ ਆਪਣੀ ਔਲਾਦ ਨੂੰ ਵੱਧ ਤੋਂ ਵੱਧ ਸਮਾਂ ਦੇਣਗੀਆਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਹਰ ਮਾਂ-ਬਾਪ ਆਪਣੇ ਬੱਚਿਆਂ 'ਤੇ ਮਾਣ ਮਹਿਸੂਸ ਕਰਨਗੇ ਨਾ ਕਿ ਇਹ ਸੋਚਣਗੇ ਕਿ ਬੱਚੇ ਉਨ੍ਹਾਂ ਨੂੰ ਬੁਢਾਪੇ ਵਿੱਚ ਇਕੱਲੇ ਛੱਡ ਜਾਣਗੇ।

ਕਿਹਾ ਜਾਂਦਾ ਹੈ ਕਿ ਸ਼ਿਵਾਜੀ ਮਰਾਠਾ ਦੀ ਮਾਤਾ ਨੇ ਉਨ੍ਹਾਂ ਨੂੰ ਬਹਾਦਰ ਯੋਧਿਆਂ ਅਤੇ ਮਹਾਂਪੁਰਸ਼ਾਂ ਦੀਆਂ ਮਹਾਨਤਾ ਦੀਆਂ ਕਹਾਣੀਆਂ ਸੁਣਾ ਸੁਣਾ ਕੇ ਇੱਕ ਦਿਨ ਸ਼ਿਵਾ ਜੀ ਨੂੰ ਮਹਾਨ ਯੋਧਾ ਬਣਾ ਦਿੱਤਾ ਸੀ ਜਿਨ੍ਹਾਂ ਨੂੰ ਮਹਾਰਾਜ ਦਾ ਤਾਜ ਪਹਿਨਾ ਕੇ ਛੱਤਰਪਤੀ ਦਾ ਦਰਜਾ ਦਿੱਤਾ ਗਿਆ। ਬਾਬਾ ਫ਼ਰੀਦ ਜੀ ਦੀ ਮਾਤਾ ਨੇ ਉਨ੍ਹਾਂ ਨੂੰ ਛੋਟੀ ਉਮਰੇ ਹੀ ਬੰਦਗੀ ਵਿੱਚ ਲਗਾ ਦਿੱਤਾ ਸੀ। ਜਦੋਂ ਵੀ ਬਾਬਾ ਫ਼ਰੀਦ ਆਪਣੀ ਮਾਤਾ ਜੀ ਨੂੰ ਪੁੱਛਦੇ ਕਿ ਜੇ ਮੈਂ ਬੰਦਗੀ ਕਰਾਂਗਾਂ ਤਾਂ ਮੈਨੂੰ ਕੀ ਮਿਲੇਗਾ ਤਾਂ ਮਾਤਾ ਜੀ ਉੱਤਰ ਦਿੰਦੇ , ਸ਼ੱਕਰ ਮਿਲੇਗੀ। ਇਸੇ ਤਰ੍ਹਾਂ ਜਦੋਂ ਵੀ ਬਾਬਾ ਫ਼ਰੀਦ ਅੱਖਾਂ ਮੀਟ ਕੇ ਬੰਦਗੀ ਕਰਦੇ ਤਾਂ ਉਨ੍ਹਾਂ ਦੀ ਮਾਤਾ ਹੌਲੀ ਜਿਹੀ ਸ਼ੱਕਰ ਨੂੰ ਕਟੋਰੀ ਵਿੱਚ ਪਾ ਕੇ ਉਨ੍ਹਾਂ ਦੇ ਅੱਗੇ ਰੱਖ ਦਿੰਦੀ। ਅੱਜ ਬਾਬਾ ਫ਼ਰੀਦ ਜੀ ਨੂੰ ਕੌਣ ਨਹੀਂ ਜਾਣਦਾ, ਭਗਤਾਂ ਵਿੱਚੋਂ ਸ਼੍ਰੋਮਣੀ ਭਗਤ ਹੋਏ ਹਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਅਜੋਕੇ ਸਮੇਂ ਦੀ ਹੀ ਗੱਲ ਲੈ ਲਵੋ ਪਾਕਿਸਤਾਨੀ ਲੜਕੀ ਮਲਾਲਾ ਦੀ। ਉਸ ਦੇ ਮਾਤਾ ਪਿਤਾ ਨੇ ਆਪਣੀ ਬੱਚੀ ਨੂੰ ਮੁਸੀਬਤਾਂ ਵਿੱਚ ਘਿਰੀ ਵੇਖ ਕੇ ਦੇਸ਼ ਛੱਡ ਦਿੱਤਾ ਸੀ। ਮਲਾਲਾ ਨੇ ਕਈ ਪੁਰਸਕਾਰ ਜਿੱਤੇ ਤੇ ਵਿਸ਼ਵ ਪੱਧਰ 'ਤੇ ਸਨਮਾਨ ਹਾਸਿਲ ਕਰਕੇ ਆਪਣੇ ਮਾਤਾ-ਪਿਤਾ ਦੇ ਨਾਂ ਨੂੰ ਚਾਰ-ਚੰਨ ਲਗਾ ਦਿੱਤੇ। ਇਹੋ ਜਿਹੀਆਂ ਉਦਾਹਰਨਾਂ ਅਨੇਕ ਹਨ।




ਜੋ ਮਾਤਾ-ਪਿਤਾ ਆਪਣੀ ਔਲਾਦ ਨੂੰ ਸੰਸਕਾਰੀ ਬਣਾਉਣ ਲਈ ਵੱਧ ਤੋਂ ਵੱਧ ਸਮਾਂ ਦਿੰਦੇ ਹਨ, ਉਨ੍ਹਾਂ ਦੀ ਔਲਾਦ ਕਦੇ ਵੀ ਖ਼ਰਾਬ ਨਹੀਂ ਹੁੰਦੀ। ਔਰਤ-ਮਰਦ ਨੂੰ ਕੇਵਲ ਮਾਂ-ਬਾਪ ਬਣਨ ਦਾ ਸ਼ੌਕ ਹੀ ਨਹੀਂ ਰੱਖਣਾ ਚਾਹੀਦਾ ਸਗੋਂ ਉਨ੍ਹਾਂ ਪ੍ਰਤੀ ਫ਼ਰਜ਼ ਵੀ ਹੋਣੇ ਚਾਹੀਦੇ ਹਨ ਜੋ ਨਿਭਾਉਣੇ ਜ਼ਰੂਰੀ ਹਨ। ਪਹਿਲੇ ਪੰਜ ਸਾਲ ਤਾਂ ਬੱਚੇ ਦੀ ਮਾਂ ਹੀ ਉਸਦੀ ਅਧਿਆਪਕ ਹੁੰਦੀ ਹੈ। ਉਹ ਬੱਚੇ ਨੂੰ ਬਹੁਤ ਕੁਝ ਸਿਖਾ ਸਕਦੀ ਹੈ ਕਿਉਂਕਿ ਛੋਟਾ ਬੱਚਾ ਕੋਰੀ ਸਲੇਟ ਦੀ ਤਰ੍ਹਾਂ ਹੁੰਦਾ ਹੈ। ਇੱਥੇ ਹੀ ਜ਼ਿੰਮੇਵਾਰੀ ਖ਼ਤਮ ਨਾ ਕਰਕੇ ਬੱਚੇ ਨੂੰ ਸਮਝਣ ਦੀ ਲੋੜ ਹੈ। ਬੱਚਿਆਂ ਨੂੰ ਸਮਝਣ ਲਈ ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਤੀਤ ਕਰਨਾ ਚਾਹੀਦਾ ਹੈ। ਜਦੋਂ ਬੱਚਾ ਸਮਾਜ ਵਿੱਚੋਂ ਵਿਚਰਦਾ ਹੈ ਤਾਂ ਉਸ ਨੂੰ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਸਮੇਂ ਮਾਂ-ਬਾਪ ਦਾ ਬੱਚੇ ਪ੍ਰਤੀ ਜ਼ਿਆਦਾ ਧਿਆਨ ਦੇਣਾ ਬਣਦਾ ਹੈ ਤਾਂ ਕਿ ਬੱਚਾ ਮੁਸੀਬਤਾਂ ਤੋਂ ਡਰਦਾ ਹੋਇਆ ਗ਼ਲਤ ਕਦਮ ਨਾ ਉਠਾ ਸਕੇ। ਔਲਾਦ ਨੂੰ ਮਾਂ-ਬਾਪ ਦੀਆਂ ਨਸੀਹਤਾਂ ਸਦਾ ਮਿਲਦੀਆਂ ਰਹਿਣੀਆਂ ਚਾਹੀਦੀਆਂ ਹਨ ਤਾਂ ਕਿ ਉਨ੍ਹਾਂ ਦੇ ਮਨ ਵਿੱਚ ਆਈਆਂ ਪ੍ਰੇਸ਼ਾਨੀਆਂ ਦੂਰ ਹੁੰਦੀਆਂ ਰਹਿਣ। ਜੇ ਮਾਂ-ਬਾਪ ਆਪਣੀ ਔਲਾਦ ਨੂੰ ਵੱਧ ਸਮਾਂ ਦੇਣਗੇ ਤਾਂ ਬੱਚਿਆਂ ਦਾ ਜੀਵਨ ਮੁਸ਼ਕਿਲਾਂ ਰਹਿਤ ਤੇ ਆਨੰਦਿਤ ਹੋਵੇਗਾ। ਇਸ ਤਰ੍ਹਾਂ ਇੱਕ ਨਿਰੋਏ ਸਮਾਜ ਦੀ ਸਿਰਜਣਾ ਹੋਵੇਗੀ।

**—ਸਰਬਜੀਤ ਕੌਰ**


# METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




**Residential & Commercial**

**Gurvinder Sanghera: 604-729-1435**

Email: gsanghera77@gmail.com

# ਔਰਤ ਦੀ ਆਜ਼ਾਦੀ ਬਨਾਮ ਅਣਦਿਸਦੀ ਗ਼ੁਲਾਮੀ

**ਸਤਿੰਦਰ ਕੌਰ**

ਪੜ੍ਹੇ ਲਿਖੇ ਅਤੇ ਸ਼ਹਿਰੀ ਲੋਕਾਂ ਦੀਆਂ ਮਜਲਿਸਾਂ ਵਿਚ ਔਰਤ ਤੇ ਮਰਦ ਦੀ ਬਰਾਬਰੀ ਦੀਆਂ ਇਹ ਗੱਲਾਂ ਆਮ ਹੀ ਸੁਣਨ-ਪੜ੍ਹਨ ਨੂੰ ਮਿਲਦੀਆਂ ਹਨ: ਔਰਤ ਆਜ਼ਾਦ ਹੋ ਚੁੱਕੀ ਹੈ, ਉਹ ਸਿੱਖਿਅਤ ਹੋਣ ਦੇ ਨਾਲ ਨਾਲ ਆਰਥਿਕ ਤੌਰ ਉੱਤੇ ਸਵੈ-ਨਿਰਭਰ ਹੈ, ਉਹ ਆਪਣੀ ਜ਼ਿੰਦਗੀ ਦੇ ਅਹਿਮ ਫੈਸਲੇ ਵੀ ਖ਼ੁਦ ਕਰਨ ਲੱਗ ਪਈ ਹੈ। ਇਕ ਸੀਮਿਤ ਪੱਧਰ 'ਤੇ ਇਨ੍ਹਾਂ ਵਿਚ ਸੱਚਾਈ ਵੀ ਹੈ ਪਰ ਨਾਲ ਹੀ ਕੁੜੀਆਂ ਨਾਲ ਨਿੱਤ ਛੇੜ-ਛਾੜ, ਬਲਾਤਕਾਰ, ਭਰੂਣ ਹੱਤਿਆ, ਦਾਜ ਕਾਰਨ ਹੋ ਰਹੇ ਕੁੜੀਆਂ ਦੇ ਕਤਲ, ਘਰੇਲੂ ਹਿੰਸਾ ਆਦਿ ਵਰਗੀਆਂ ਵਾਰਦਾਤਾਂ ਵੀ ਰੋਜ਼ ਪੜ੍ਹਨ-ਸੁਣਨ ਲਈ ਮਿਲ ਜਾਂਦੀਆਂ ਹਨ। ਆਲੇ-ਦੁਆਲੇ ਦੇ ਇਨ੍ਹਾਂ ਹਾਲਾਤ ਬਾਰੇ ਜਾਣ ਕੇ ਇਸ ਗੱਲ ਉੱਤੇ ਸ਼ੱਕ ਹੁੰਦਾ ਹੈ ਕਿ ਕੀ ਔਰਤ ਸੱਚਮੁੱਚ ਆਜ਼ਾਦ ਹੋ ਚੁੱਕੀ ਹੈ? ਜਾਂ ਇਸ ਪਿੱਛੇ ਕੋਈ ਹੋਰ ਸੱਚ ਛੁਪਿਆ ਪਿਆ ਹੈ ਜੋ ਦਿਖਾਈ ਨਹੀਂ ਦੇ ਰਿਹਾ ਅਤੇ ਜਿਸ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ।

ਆਜ਼ਾਦੀ ਦੇ ਅਰਥ ਕਿਸੇ ਵੀ ਮਨੁੱਖ ਦੇ ਸਵੈਮਾਣ ਅਤੇ ਖ਼ੁਦਮੁਖ਼ਤਾਰੀ ਨਾਲ ਜੁੜੇ ਹੁੰਦੇ ਹਨ ਪਰ ਜੇ ਅਸੀਂ ਬਹੁਗਿਣਤੀ ਔਰਤਾਂ ਦੇ ਜੀਵਨ ਵੱਲ ਝਾਤ ਮਾਰੀਏ ਤਾਂ ਆਜ਼ਾਦੀ ਦੇ ਅਸਲ ਮਾਇਨੇ ਕਿਧਰੇ ਗੁਆਚੇ ਨਜ਼ਰ ਆਉਂਦੇ ਹਨ। ਇਹ ਇਸ ਕਹਾਵਤ ਵਾਂਗ ਲੱਗਦੇ ਹਨ: ਹਾਥੀ ਦੇ ਦੰਦ ਖਾਣ ਨੂੰ ਹੋਰ, ਦਿਖਾਉਣ ਨੂੰ ਹੋਰ। ਆਪਣੇ ਜੀਵਨ ਬਾਰੇ ਖ਼ੁਦ ਫ਼ੈਸਲੇ ਕਰਨ ਦੀ ਆਜ਼ਾਦੀ ਜਾਂ ਸਵੈ-ਮਾਣ ਵਰਗੀ ਸ਼ੈਅ ਬਹੁਤੀਆਂ ਔਰਤਾਂ ਤੱਕ ਅਜੇ ਅੱਪੜੀ ਹੀ ਨਹੀਂ। ਕਈ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਔਰਤ ਦੀ ਹਾਲਤ ਵਿਚ ਕੋਈ ਖ਼ਾਸ ਸੁਧਾਰ ਨਹੀਂ ਆਇਆ ਲੱਗਦਾ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਔਰਤ ਨੇ ਆਪਣੀ ਮਿਹਨਤ ਸਦਕਾ ਉੱਚੇ ਮੁਕਾਮ ਪ੍ਰਾਪਤ ਕਰ ਲਏ ਹਨ ਪਰ ਉਸ ਨੂੰ ਮਰਦ ਪ੍ਰਧਾਨ ਸਮਾਜ ਅੱਜ ਵੀ ਗੁਲਾਮ ਸਮਝਦਾ ਹੈ। ਅੱਜ ਦੀ ਔਰਤ ਜਿਹੜੀ ਗੁਲਾਮੀ ਹੰਢਾ ਰਹੀ ਹੈ, ਇਹ ਅਣਦਿਸਦੀ ਗੁਲਾਮੀ ਹੈ।

ਔਰਤਾਂ ਨੂੰ ਬਰਾਬਰ ਸਿੱਖਿਆ ਤੇ ਮਿਹਨਤਾਨੇ, ਵੋਟ ਦਾ ਅਧਿਕਾਰ ਪ੍ਰਾਪਤ ਹਨ ਪਰ ਹਕੀਕਤ ਵਿਚ ਅੱਜ ਵੀ ਔਰਤਾਂ ਇਨ੍ਹਾਂ ਹੱਕਾਂ ਲਈ ਮਰਦਾਂ ਉੱਤੇ ਨਿਰਭਰ ਹਨ। ਔਰਤ ਸਿੱਖਿਅਤ ਤਾਂ ਹੈ ਪਰ ਉਸ ਦੀ ਜ਼ਿੰਦਗੀ ਦੀ ਲਗਾਮ ਮਰਦ ਦੇ ਹੱਥ ਵਿਚ ਹੈ। ਵਿੱਦਿਅਕ ਢਾਂਚਾ ਵੀ ਉਸ ਦੀ ਜ਼ਿੰਦਗੀ



ਵਿਚ ਕੋਈ ਹਕੀਕੀ ਸਾਕਾਰਤਮਕ ਤਬਦੀਲੀ ਲਿਆਉਣ ਦੀ ਬਜਾਏ ਮਰਦ ਪ੍ਰਧਾਨ ਸਮਾਜ ਦੇ ਹੱਕ ਵਿਚ ਹੀ ਭੁਗਤ ਜਾਂਦਾ ਹੈ। ਮਜ਼ਦੂਰ ਔਰਤਾਂ, ਮਰਦਾਂ ਬਰਾਬਰ ਮਿਹਨਤ ਕਰਦੀਆਂ ਹਨ ਪਰ ਉਨ੍ਹਾਂ ਨੂੰ ਮਰਦਾਂ ਦੇ ਮੁਕਾਬਲੇ ਘੱਟ ਉਜਰਤ ਮਿਲਦੀ ਹੈ। ਔਰਤ ਨੌਕਰੀਸ਼ੁਦਾ ਤਾਂ ਹੈ ਪਰ ਉਸ ਦੀ ਤਨਖ਼ਾਹ ਤੇ ਏਟੀਐੱਮ ਉੱਤੇ ਹੱਕ ਉਸ ਦੇ ਪਤੀ ਦਾ ਹੈ। ਉਸ ਨੂੰ ਵੋਟ ਪਾਉਣ ਦਾ ਕਾਨੂੰਨੀ ਅਧਿਕਾਰ ਤਾਂ ਮਿਲਿਆ ਹੈ ਪਰ ਉਸ ਨੇ ਵੋਟ ਕਿਸ ਨੂੰ ਪਾਉਣੀ ਹੈ, ਇਹ ਉਸ ਦਾ ਪਤੀ ਜਾਂ ਪਰਿਵਾਰ ਦਾ ਮੁਖੀ ਮਰਦ ਤੈਅ ਕਰਦਾ ਹੈ। ਔਰਤ ਸਰਪੰਚ ਤਾਂ ਬਣਦੀ ਹੈ ਪਰ ਸਰਪੰਚੀ ਉਸ ਦਾ ਪਤੀ ਕਰਦਾ ਹੈ। ਇਉਂ ਹੱਕ ਪ੍ਰਾਪਤ ਹੋਣ ਦੇ ਬਾਵਜੂਦ ਦਬਦਬਾ ਮਰਦ ਪ੍ਰਧਾਨ ਸਮਾਜ ਦਾ ਹੀ ਹੈ। ਜਿਹੜੀ ਗੱਲ ਹੈਰਾਨ ਕਰਨ ਵਾਲੀ ਹੈ, ਉਹ ਇਹ ਕਿ ਔਰਤ ਇਸ ਅਰਧ ਗੁਲਾਮੀ ਤੋਂ ਸੁਚੇਤ ਨਹੀਂ। ਉਸ ਨੂੰ ਇਹ ਗੁਲਾਮੀ ਮਹਿਸੂਸ ਹੀ ਨਹੀਂ ਹੁੰਦੀ।

ਅੱਜ ਵੀ ਔਰਤਾਂ ਘਰ ਦੇ ਕੰਮਾਂ, ਬੱਚੇ ਪਾਲਣ, ਪਰਿਵਾਰਕ ਜ਼ਿੰਮੇਵਾਰੀਆਂ ਚੁੱਕਣ ਨੂੰ ਹੀ ਆਪਣਾ ਅਸਲ ਧਰਮ ਮੰਨਦੀਆਂ ਹਨ। ਉਹ ਆਪਣੇ ਅਸਲ ਹੱਕਾਂ ਤੋਂ ਜਾਣੂੰ ਨਹੀਂ ਜਾਂ ਇਉਂ ਕਹਿਣਾ ਜ਼ਿਆਦਾ ਸਹੀ ਹੈ ਕਿ ਰੂੜ ਸਭਿਆਚਾਰਕ ਮਾਨਤਾਵਾਂ ਦੇ ਬਹਾਨੇ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ ਦੇ ਮੌਕੇ ਨਹੀਂ ਦਿੱਤੇ ਜਾਂਦੇ। ਹੁਣ ਪ੍ਰਸ਼ਨ ਹੈ ਕਿ ਔਰਤ ਦੀ ਅਜਿਹੀ ਹਾਲਤ ਦਾ ਅਸਲ ਜ਼ਿੰਮੇਵਾਰ ਕੌਣ ਹੈ? ਕੀ ਸਮਾਜ ਜ਼ਿੰਮੇਵਾਰ ਹੈ ਜਾਂ ਇਸ ਦੀ ਜ਼ਿੰਮੇਵਾਰੀ ਖ਼ੁਦ ਔਰਤ ਉੱਤੇ ਵੀ ਹੈ?

ਔਰਤ ਦੀ ਇਸ ਗੁਲਾਮੀ ਦਾ ਕਾਰਨ ਮਰਦ ਪ੍ਰਧਾਨ ਸਮਾਜ ਹੈ। ਔਰਤ ਹੋਣਾ ਕੋਈ ਜੁਰਮ ਨਹੀਂ। ਕੁਦਰਤ ਮੁੰਡੇ ਕੁੜੀ ਵਿਚ ਕੋਈ ਭੇਦਭਾਵ ਨਹੀਂ ਕਰਦੀ ਪਰ ਸਮਾਜ ਵਿਚ ਔਰਤਾਂ ਲਈ ਵਿਤਕਰੇ ਵਾਲਾ ਦ੍ਰਿਸ਼ਟੀਕੋਣ ਹੀ ਅਪਣਾਇਆ ਜਾਂਦਾ ਹੈ। ਔਰਤ ਦੇ ਗਰਭਵਤੀ ਹੋਣ ਤੇ ਪੁੱਤਰ ਦੀ ਆਸੀਸ 'ਦੁੱਧੋ ਨਹਾਉ, ਪੁੱਤੋ ਫਲੋ' ਦਿੱਤੀ ਜਾਂਦੀ ਹੈ। ਪੁੱਤਰ ਪ੍ਰਾਪਤੀ ਲਈ ਪਰਿਵਾਰ ਸੌ ਤਰ੍ਹਾਂ ਦੇ ਆਡੰਬਰ ਕਰਦਾ ਹੈ। ਕੁੜੀ ਦੇ ਜਨਮ ਉੱਤੇ ਘਰਾਂ ਵਿਚ ਸੋਗ ਛਾ ਜਾਂਦਾ ਹੈ।

ਕੁੜੀ ਤੇ ਮੁੰਡੇ ਵਿਚਲਾ ਫਰਕ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਕੁੜੀ ਨੂੰ ਜਨਮ ਤੋਂ ਹੀ ਔਰਤ ਬਣਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਸੀਮੋਨ ਦਾ ਬੂਵੇਅਰ ਦਾ ਕਥਨ ਬਿਲਕੁਲ ਸੱਚ ਹੈ ਕਿ 'ਔਰਤ ਜੰਮਦੀ ਨਹੀਂ, ਉਸ ਨੂੰ ਔਰਤ ਬਣਾਇਆ ਜਾਂਦਾ ਹੈ।' ਮਾਪਿਆਂ ਦੁਆਰਾ ਕੁੜੀ ਉੱਤੇ ਉੱਚੀ ਬੋਲਣ, ਹੱਸਣ, ਅੰਦਰ ਬਾਹਰ ਆਉਣ ਜਾਣ 'ਤੇ ਪਾਬੰਦੀ, ਘਰ ਦੇ ਕੰਮ ਸਿੱਖਣ ਆਦਿ ਬੰਦਿਸ਼ਾਂ ਲਗਾਈਆਂ ਜਾਂਦੀਆਂ ਹਨ। ਉਸ ਨੂੰ ਜਨਮ ਤੋਂ ਹੀ ਬੇਗਾਨੇ ਘਰ ਜਾਣ ਲਈ ਤਿਆਰ ਕੀਤਾ ਜਾਂਦਾ ਹੈ ਅਤੇ ਦੂਜੇ ਉੱਪਰ ਨਿਰਭਰ ਰਹਿਣ ਦੀ ਆਦਤ ਪਾਈ ਜਾਂਦੀ ਹੈ ਜਿਸ ਕਾਰਨ ਉਸ ਦੇ ਨਾਰੀਤਵ ਦਾ ਘਾਣ ਹੁੰਦਾ ਹੈ। ਕੁੜੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਤਾਂ ਦਿੱਤਾ ਜਾਂਦਾ ਹੈ ਪਰ ਨਾਲ ਹੀ ਉਨ੍ਹਾਂ ਨੂੰ ਸਮਝਾਇਆ ਜਾਂਦਾ ਹੈ ਕਿ ਇਹ ਸਭ ਸਹੁਰੇ ਘਰ ਜਾਣ ਲਈ ਹੈ। ਉਸ ਨੂੰ ਸਿਖਾਇਆ ਜਾਂਦਾ ਹੈ ਕਿ ਪਤੀ ਤੇ ਸਹੁਰੇ ਪਰਿਵਾਰ ਦੀ ਸੇਵਾ ਹੀ ਉਸ ਲਈ ਸਭ ਕੁੱਝ ਹੈ। ਕੁੜੀ ਨੂੰ ਆਪਣੇ ਅਸਲ ਅਧਿਕਾਰਾਂ ਤੋਂ ਸੁਚੇਤ ਹੋਣ ਹੀ ਨਹੀਂ ਦਿੱਤਾ ਜਾਂਦਾ। ਮੰਨੂ ਦੇ ਸਮਾਜਿਕ ਕਾਨੂੰਨ ਅਨੁਸਾਰ ਔਰਤ ਬਚਪਨ ਤੋਂ ਬੁਢਾਪੇ ਤੱਕ ਮਰਦ ਉੱਤੇ ਨਿਰਭਰ ਰਹਿੰਦੀ ਹੈ। ਉਹ ਬਚਪਨ ਵਿਚ ਪਿਤਾ, ਭਰਾ, ਜਵਾਨੀ ਵਿਚ ਪਤੀ, ਤੇ ਬੁਢਾਪੇ ਵਿਚ ਪੁੱਤਰਾਂ ਦੇ ਅਧੀਨ ਰਹਿੰਦੀ ਹੈ। ਵਰਤਮਾਨ ਸਮਿਆਂ ਵਿਚ ਵੀ ਔਰਤ ਲਈ ਇਹੀ ਦ੍ਰਿਸ਼ਟੀਕੋਣ ਅਪਣਾਇਆ ਜਾਂਦਾ ਹੈ। ਕਿਸੇ ਵੀ ਤਰ੍ਹਾਂ ਦੇ ਹਾਲਾਤ ਲਈ ਕੋਈ ਇਕ ਧਿਰ ਪੂਰੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋ ਸਕਦੀ। ਜਿੱਥੇ ਔਰਤ ਦੀ ਅਜਿਹੀ ਹਾਲਤ ਲਈ ਸਮਾਜ ਜ਼ਿੰਮੇਵਾਰ ਹੈ, ਉੱਥੇ ਖ਼ੁਦ ਔਰਤ ਵੀ ਆਪਣੀ ਅੰਸ਼ਕ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੀ। ਮਾਵਾਂ ਸੁਚੇਤ ਹੋਣ ਦੇ ਬਾਵਜੂਦ ਧੀਆਂ ਨੂੰ ਉਹੀ ਤ੍ਰਾਸਦੀਆਂ ਹੰਢਾਉਣ ਲਈ ਤਿਆਰ ਕਰਦੀਆਂ ਹਨ ਜਿਹੜੀਆਂ ਉਨ੍ਹਾਂ ਆਪ ਹੰਢਾਈਆਂ ਹੁੰਦੀਆਂ ਹਨ। ਅੱਜ ਦੀ ਔਰਤ ਸਿੱਖਿਅਤ ਅਤੇ ਆਰਥਿਕ ਤੌਰ 'ਤੇ ਆਤਮ ਨਿਰਭਰ ਤਾਂ ਹੈ ਪਰ ਇਸ ਦੇ ਬਾਵਜੂਦ ਉਸ ਦੇ ਜੀਵਨ ਵਿਚ ਕੋਈ ਬਹੁਤਾ ਬਦਲਾਓ ਨਹੀਂ ਆਇਆ। ਉਹ ਅੱਜ ਵੀ ਘਰ ਸੰਭਾਲਣ, ਬੱਚੇ ਪਾਲਣ ਤੇ ਪਰਿਵਾਰਕ ਫ਼ੈਸਲਿਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਨੂੰ ਹੀ ਆਪਣਾ ਅਸਲੀ ਧਰਮ ਸਮਝਦੀ ਹੈ। ਇਸ ਤੋਂ ਬਿਨਾ ਉਸ ਨੂੰ ਆਪਣੀ ਜ਼ਿੰਦਗੀ ਦੇ ਕੋਈ ਮਾਇਨੇ ਨਹੀਂ ਲੱਗਦੇ। ਉਹ ਸਰੀਰਕ ਤੇ ਮਾਨਸਿਕ ਦੋਵਾਂ ਪੱਧਰਾਂ 'ਤੇ ਤ੍ਰਾਸਦੀ ਹੰਢਾਉਂਦੀ ਹੈ।

ਔਰਤ ਨੂੰ ਆਜ਼ਾਦੀ ਤੇ ਆਪਣੇ ਹੋਰ ਮਨੁੱਖੀ ਹੱਕ ਪ੍ਰਾਪਤ ਕਰਨ ਲਈ ਸਭ ਤੋਂ ਪਹਿਲਾਂ ਜਾਗਰੂਕ ਹੋਣ ਦੀ ਜ਼ਰੂਰਤ ਹੈ। ਅਜਿਹਾ ਨਹੀਂ ਕਿ ਔਰਤਾਂ ਵਿਚ ਚੇਤਨਾ ਦੀ ਕਮੀ ਹੈ, ਕੁਝ ਇਸਤਰੀਆਂ ਆਪਣੇ ਹੱਕਾਂ ਲਈ ਚੇਤਨ ਹਨ ਤੇ ਨਿਡਰਤਾ ਨਾਲ ਇਨ੍ਹਾਂ ਦੀ ਪ੍ਰਾਪਤੀ ਲਈ ਸਮਾਜ ਨਾਲ ਦੋ ਹੱਥ ਵੀ ਹੋ ਰਹੀਆਂ ਹਨ। ਪੰਜਾਬੀ ਯੂਨੀਵਰਸਿਟੀ ਤੇ ਹੋਰ ਯੂਨੀਵਰਸਿਟੀਆਂ ਵਿਚ ਚੱਲੀ 'ਹੋਸਟਲ ਦੀ ਸਮਾਂਬੰਦੀ ਵਿਚ ਬਰਾਬਰੀ ਦੀ ਮੰਗ' ਇਸ ਦਾ ਸਬੂਤ ਹੈ। ਇਸ ਲਹਿਰ ਅਧੀਨ ਕੁੜੀਆਂ ਨੇ ਆਪਣੇ ਉੱਤੇ ਲੱਗੀ ਸਮੇਂ ਦੀ ਪਾਬੰਦੀ ਹਟਾਉਣ ਲਈ ਯੂਨੀਵਰਸਿਟੀ ਪ੍ਰਸ਼ਾਸਨ ਖ਼ਿਲਾਫ਼ ਸੰਘਰਸ਼ ਕੀਤਾ ਤੇ ਸਫ਼ਲਤਾ ਹਾਸਿਲ ਕੀਤੀ। ਕੋਈ ਵੀ ਜੰਗ ਉਦੋਂ ਹੀ ਲੜੀ ਜਾਂਦੀ ਹੈ, ਜਦੋਂ ਕੁਝ ਫਤਹਿ ਕਰਨ ਦੀ ਤਾਂਘ ਤੇ ਮੈਦਾਨ ਵਿਚ ਉਤਰਨ ਦੀ ਹਿੰਮਤ ਹੋਵੇ ਪਰ ਇਸ ਤੋਂ ਵੀ ਪਹਿਲਾਂ ਇਸ ਲਈ ਸੁਚੇਤ ਹੋਣ ਦੀ ਜ਼ਰੂਰਤ ਹੈ ਕਿ ਜੰਗ ਕਿਸ ਲਈ, ਕਿਉਂ ਤੇ ਕਿਵੇਂ ਲੜਨੀ ਹੈ? ਔਰਤਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਉਨ੍ਹਾਂ ਔਰਤਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਜੋ ਖ਼ੁਦ ਇਨ੍ਹਾਂ ਪ੍ਰਤੀ ਸੁਚੇਤ ਹਨ। ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਖ਼ੁਦ ਤੱਕ ਸੀਮਿਤ ਨਾ ਹੋ ਕੇ ਆਜ਼ਾਦੀ ਦਾ ਹੋਕਾ ਹਰ ਔਰਤ ਤੱਕ ਪਹੁੰਚਾਉਣ।

ਸਮਾਜ ਨੂੰ ਚੰਗਾ ਬਣਾਉਣ ਲਈ ਔਰਤ ਪ੍ਰਤੀ ਵਿਤਕਰੇ ਵਾਲਾ ਦ੍ਰਿਸ਼ਟੀਕੋਣ ਬਦਲਣ ਦੀ ਜ਼ਰੂਰਤ ਹੈ ਕਿਉਂਕਿ ਕਿਸੇ ਮੁਲਕ ਦੇ ਉੱਨਤੀ ਬਾਰੇ ਜਾਨਣ ਲਈ ਉੱਥੋਂ ਦੀ ਔਰਤ ਦੀ ਹਾਲਤ ਨੂੰ ਜਾਣਿਆ ਜਾਂਦਾ ਹੈ। ਚੰਗਾ ਸਮਾਜ ਸਿਰਜਣ ਦੀ ਵੱਡੀ ਜ਼ਿੰਮੇਵਾਰੀ ਮਾਪਿਆਂ ਤੋਂ ਸ਼ੁਰੂ ਹੁੰਦੀ ਹੈ। ਉਨ੍ਹਾਂ ਦਾ ਫਰਜ਼ ਹੈ ਕਿ ਉਹ ਲਿੰਗਕ ਵਿਤਕਰੇ ਤੋਂ ਉੱਪਰ ਉੱਠ ਕੇ ਬੱਚੇ ਨੂੰ ਬਰਾਬਰੀ ਦਾ ਪਾਠ ਪੜ੍ਹਾਉਣ। ਉਹ ਕੁੜੀ ਉੱਤੇ ਬੰਦਿਸ਼ਾਂ ਲਗਾਉਣ ਦੀ ਬਜਾਏ ਉਸ ਨੂੰ ਸਹੀ ਗਲਤ ਦੀ ਪਛਾਣ ਦੀ ਸਮਝ ਪੈਦਾ ਕਰਨ। ਉਸ ਨੂੰ ਆਜ਼ਾਦੀ ਦੇ ਅਸਲ ਮਾਇਨੇ ਸਮਝਾਉਣ। ਉਸ ਨੂੰ ਇਸ ਕਾਬਿਲ ਬਣਾਇਆ ਜਾਵੇ ਕਿ ਉਹ ਆਪਣੀ ਜ਼ਿੰਦਗੀ ਦੇ ਅਹਿਮ ਫ਼ੈਸਲੇ ਕਰਨ ਦੇ ਯੋਗ ਹੋਣ। ਔਰਤ ਤੇ ਮਰਦ ਦੇ ਸਾਥ ਨਾਲ ਹੀ ਚੇਤਨ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।










# ਰੋਜ਼ੀ ਲਈ ਵਿਦੇਸ਼ਾਂ 'ਚ ਰੁਲ਼ਦੇ ਪੰਜਾਬੀ ਗੱਭਰੂ

**ਸੁਖਦੇਵ ਭੂੰਦੜੀ**

ਭਾਰਤ ਅੰਦਰ ਰੁਜ਼ਗਾਰ ਦੀ ਅਨਿਸ਼ਚਿਤ ਹਾਲਤ ਕਰਕੇ, ਖਾਸ ਕਰ ਜਦੋਂ ਤੋਂ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਲਾਗੂ ਹੋਈਆਂ ਹਨ ਅਤੇ ਰੁਜ਼ਗਾਰ ਵੱਡੀ ਪੱਧਰ 'ਤੇ ਸੁੰਗੜਿਆ ਹੈ, ਤਾਂ ਨੌਜਵਾਨੀ ਵਿਕਸਿਤ ਮੁਲਕਾਂ ਵੱਲ ਉਡਾਰੀਆਂ ਮਾਰ ਰਹੀ ਹੈ। ਇਹ ਨੌਜਵਾਨ ਉੱਥੋਂ ਦੀ ਚਮਕ-ਦਮਕ ਅਤੇ ਉੱਚ ਮਿਆਰੀ ਜੀਵਨ ਤੋਂ ਪ੍ਰਭਾਵਿਤ ਹੋ ਕੇ ਕਿਵੇਂ ਨਾ ਕਿਵੇਂ ਜ਼ਹਾਜ਼ੇ ਚੜ੍ਹ ਉਸ 'ਸੁਪਨਮਈ ਸਵਰਗ' ਵਿਚ ਪਹੁੰਚਣਾ ਲੋਚਦੇ ਹਨ। ਇਸੇ ਕਰਕੇ ਜਿਸ ਵੀ ਨੌਜਵਾਨ ਨੂੰ ਪੁੱਛੋ ਇਹੀ ਜੁਆਬ ਮਿਲ਼ਦਾ ਹੈ ਕਿ 'ਮੈਂ ਆਇਲੈਟਸ (ਆਇਲਜ਼) ਕਰ ਰਿਹਾਂ ਹਾਂ ਅਤੇ ਇਹ ਕਾਰੋਬਾਰ ਹਜ਼ਾਰਾਂ ਕਰੋੜਾਂ ਦਾ ਧੰਦਾ ਬਣ ਗਿਆ ਹੈ। ਇਸੇ ਕਰਕੇ ਧੜਾਧੜ ਖੁੱਲ੍ਹੇ ਕਿੱਤਾ-ਮੁਖੀ ਕਾਲਜਾਂ ਵਿੱਚ ਉੱਲੂ ਬੋਲਣ ਲੱਗ ਪਏ ਹਨ। ਇਕ ਜਾਣਕਾਰੀ ਮੁਤਾਬਕ ਮਾਲਵੇ ਦੇ ਇੱਕ ਏਸੀ ਸਹੂਲਤਾਂ ਵਾਲ਼ੇ ਕਾਲਜ ਨੂੰ ਬੰਦ ਕਰਕੇ ਵਿਦਿਆਰਥੀਆਂ ਨੂੰ ਕਿਤੇ ਹੋਰ ਭੇਜ ਦਿੱਤਾ ਗਿਆ, ਕਿਉਂਕਿ ਨਵਾਂ ਦਾਖਲਾ ਘਟ ਰਿਹਾ ਸੀ। ਇਹ ਕਹਾਣੀ ਇਸ ਇਕੱਲੇ ਨੌਜਵਾਨ ਦੀ ਨਹੀਂ, ਸਟੱਡੀ ਵੀਜ਼ੇ 'ਤੇ ਆਏ ਹਰ ਨੌਜਵਾਨ ਦੀ ਹੈ। ਕਿਉਂਕਿ ਫੀਸਾਂ ਤਾਰਨੀਆਂ, ਕਮਰਿਆਂ ਦਾ ਕਿਰਾਇਆ, ਹਰ ਤਰ੍ਹਾਂ ਦੇ ਬਿੱਲ ਅਤੇ ਇਲਾਜ ਲਈ ਡਾਲਰ ਕਮਾਉਣੇ ਸੌਖੇ ਨਹੀਂ। ਕਨੂੰਨਨ ਉਹ ਵੀਹ ਘੰਟੇ ਹੀ ਕੰਮ ਕਰ ਸਕਦੇ ਹਨ, ਪਰ ਇੰਨੇ ਕੁ ਡਾਲਰਾਂ 'ਚੋਂ ਖਰਚੇ ਕੱਢਣੇ ਸੌਖੇ ਨਹੀਂ। ਤਾਂ ਫਿਰ ਉਹ ਵੱਧ ਤੋਂ ਵੱਧ ਕੰਮ ਕਰਦੇ ਹਨ, ਜਿਹ ਨੂੰ ਕੈਸ਼ 'ਤੇ ਕੰਮ ਕਰਨਾ ਕਹਿੰਦੇ ਹਨ। ਜੋ ਗੈਰਕਨੂੰਨੀ ਹੈ ਅਤੇ ਉਜਰਤ ਵੀ ਘੱਟ ਹੈ। ਪਰ ਇੱਥੋਂ ਦੀਆਂ ਯੂਨੀਵਰਸਿਟੀਆਂ ਅਤੇ ਕਾਲਜ ਫੀਸਾਂ ਰਾਹੀਂ ਮੋਟੇ ਡਾਲਰ ਕਮਾਉਂਦੇ ਹਨ। ਉਂਝ ਵੀ ਇਨ੍ਹਾਂ ਦੇਸ਼ਾਂ ਵਿੱਚ ਪੜ੍ਹੀ ਲਿਖੀ ਇਹ ਮਜ਼ਦੂਰ ਜਮਾਤ ਇਨ੍ਹਾਂ ਦੇ ਢਾਂਚੇ ਦੇ ਬਹੁਤ ਫਿੱਟ ਆਉਂਦੀ ਹੈ। ਪੱਕੀ ਰਿਹਾਇ ਮਿਲ਼ਣ ਤੱਕ ਇੱਕ ਤਕੜੇ ਸੰਘਰਸ਼ 'ਚੋਂ ਦੀ ਲੰਘਣਾ ਪੈਂਦਾ ਹੈ। ਪਰਵਾਸ ਕਨੂੰਨ ਸਖ਼ਤ ਬਣਾ ਕੇ ਅਤੇ ਬਰੀਕ ਛਾਨਣਾ ਲਾ ਕੇ ਆਪਣੇ ਢਾਂਚੇ ਮੁਤਾਬਕ ਵਿਦਿਆਰਥੀ ਵੀਜ਼ੇ 'ਤੇ ਵੀ ਰੋਕਾਂ ਲਾਉਂਦੇ ਰਹਿੰਦੇ ਹਨ। ਉਂਝ ਪੱਕੇ ਹੋਣ ਦਾ ਵੀ ਬਹੁਤ ਝੰਜਟ ਹੈ। ਜੇ ਵਿਦਿਆਰਥੀਆਂ ਦੇ ਨਿਯਮਾਂ ਅਨੁਸਾਰ ਨੰਬਰ ਨਹੀਂ ਬਣਦੇ ਤਾਂ ਇੱਕ ਹੋਰ ਯੋਜਨਾ ਜਿਸ ਨੂੰ ਸਪਾਂਸਰਸ਼ਿਪ ਕਹਿੰਦੇ ਹਨ, ਲੈਣੀ ਪੈਂਦੀ ਹੈ। ਸਪਾਂਸਰ ਕਰਨ ਵਾਲ਼ਾ ਹਜ਼ਾਰਾਂ ਡਾਲਰ ਗੈਰਕਨੂੰਨੀ ਢੰਗ ਨਾਲ਼ ਲੈਂਦਾ ਹੈ ਅਤੇ ਵਿਦਿਆਰਥੀਆਂ ਦੀ ਲੁੱਟ ਕਰਦਾ ਹੈ। ਮੈਨੂੰ ਇੱਕ ਵਿਦਿਆਰਥੀ ਮਿਲ਼ਿਆ ਜਿਸ ਨੇ ਦੱਸਿਆ ਕਿ ਮੈਨੂੰ ਆਏ ਨੂੰ 10-12 ਸਾਲ ਹੋ ਗਏ ਪਰ ਪੀਆਰ ਨਹੀਂ ਮਿਲ਼ੀ। ਫਿਰ ਮੈਂ ਇੱਕ ਰੈਸਟੋਰੈਂਟ ਵਾਲ਼ੇ ਨਾਲ਼ ਗੱਲ ਕਰ ਕੇ ਚਾਲ਼ੀ ਡਾਲਰ 'ਚ ਸੌਦਾ ਕੀਤਾ ਅਤੇ ਪੀਆਰ ਲਈ ਫਾਈਲ ਲਾ ਦਿੱਤੀ। ਇਮੀਗਰੇਸ਼ਨ ਨੇ ਇਤਰਾਜ਼ ਲਾ ਕੇ ਫਾਈਲ ਮੋੜ ਦਿੱਤੀ ਕਿ ਇਸ ਦਾ ਕਾਰੋਬਾਰ ਠੀਕ ਨਹੀਂ ਅਤੇ ਇਹ ਸਪਾਂਸਰ ਨਹੀਂ ਕਰ ਸਕਦਾ। ਪਰ ਨੌਜਵਾਨ ਦੇ ਪੈਸੇ ਤਾਂ ਮਾਰੇ ਗਏ। ਫਿਰ ਉਸ ਨੇ ਇੱਕ ਲੱਖ ਡਾਲਰ ਲਾ ਕੇ ਹੋਰ ਸਪਾਂਸਰਸ਼ਿਪ ਲਈ ਹੈ ਅਤੇ ਪੱਕੀ ਰਿਹਾਇਸ਼ ਦੇ ਚੱਕਰ ਵਿੱਚ ਦਿਨ-ਰਾਤ ਟੈਕਸੀ ਚਲਾਉਂਦਾ ਹੈ। ਅਜਿਹੇ ਨੌਜਵਾਨ ਬਹੁਤ ਤਣਾਅਪੂਰਨ ਹਾਲਤ 'ਚੋਂ ਗੁਜ਼ਰ ਰਹੇ ਹਨ। ਦੂਜੀ ਵਿੱਥਿਆ ਉਨ੍ਹਾਂ ਨੌਜਵਾਨਾ ਦੀ ਹੈ, ਜੋ ਪੱਕੇ ਹੋ ਜਾਂਦੇ ਹਨ। ਉੱਥੋਂ ਦੀਆਂ ਸਹੂਲਤਾਂ ਵੀ ਲੈਣ ਲੱਗਦੇ ਹਨ। ਫਿਰ ਦੇਸ਼ ਪਰਤ ਕੇ ਬੜੀ ਸ਼ਾਨ ਨਾਲ਼ ਵਿਆਹ ਕਰਾਉਂਦੇ ਹਨ। ਪਤਨੀਆਂ ਨੂੰ ਆਪਣੇ ਕੋਲ ਮੰਗਵਾ ਕੇ ਜ਼ਿੰਦਗੀ ਦੀ ਦੂਜੀ ਪਾਰੀ ਸ਼ੁਰੂ ਕਰਦੇ ਹਨ। ਪਹਿਲਾਂ ਪਹਿਲਾਂ ਤਾਂ ਉਹ ਕਿਰਾਏ 'ਤੇ ਹੀ ਰਹਿੰਦੇ ਹਨ ਅਤੇ ਪਤਨੀ ਵੀ ਕੰਮ ਕਰਨ ਲੱਗ ਜਾਂਦੀ ਹੈ। ਫਿਰ ਆਪਣਾ ਘਰ ਬਣਾਉਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਉਹ ਲੋਕ ਕਰਜ਼ ਲੈ ਕੇ ਘਰ ਬਣਾ ਲੈਂਦੇ ਹਨ। ਮੀਆਂ-ਬੀਵੀ ਜ਼ੋਰ ਨਾਮ ਕੰਮ ਕਰਦੇ ਹਨ। ਕਿਉਂਕਿ ਘਰ ਦੀਆਂ ਕਿਸ਼ਤਾਂ, ਕਾਰ ਦੀਆਂ ਕਿਸ਼ਤਾਂ, ਕਿਰਆਨਾ ਹਰ ਤਰ੍ਹਾਂ ਦੇ ਬਿੱਲ ਭਰਨ ਲਈ ਇਹ ਕਰਨਾ ਪੈਂਦਾ ਹੈ। ਇੱਕ ਨੌਜਵਾਨ ਨੇ ਦੱਸਿਆ ਕਿ ਉਸ ਦੀ ਉਮਰ 30 ਸਾਲ ਹੈ, ਕਿਸ਼ਤਾਂ ਲਾਹੁਣ ਲਈ 30 ਸਾਲ ਲੱਗਣਗੇ, ਭਾਵ ਉਮਰ 60 ਸਾਲ ਹੋ ਜਾਵੇਗੀ। ਇੱਕ ਹੋਰ ਨੌਜਵਾਨ ਨੇ ਦੱਸਿਆ ਕਿ ਮੈਂ ਇੱਕ ਕੰਪਨੀ 'ਚ ਮੈਨੇਜਰ ਵਜੋਂ ਕੰਮ ਕਰਦਾ ਹਾਂ। ਟੀਚਾ ਦਿੱਤਾ ਜਾਂਦਾ ਹੈ। ਮੈਂ ਟੀਚਾ ਪੂਰਾ ਕਰਨ ਦੇ ਚੱਕਰ 'ਚ ਤਣਾਅ 'ਚ ਰਹਿੰਦਾ ਹਾਂ। ਉਂਝ ਮੈਂ ਟਰੱਕ ਚਲਾਉਣਾ ਚਹੁੰਦਾ ਹਾਂ ਪਰ ਮੈਨੂੰ ਭਾਰੀ ਵਾਹਨਾਂ ਦਾ ਲਾਇਸੈਂਸ ਨਹੀਂ ਮਿਲ਼ ਰਿਹਾ। ਮੈਂ ਵੇਖਿਆ ਕਿ ਪੰਜਾਬੀ ਨੌਜਵਾਨ ਟਰਾਲਾ ਜਾਂ ਟੈਕਸੀ ਚਲਾਉਣਾ ਵਧੇਰੇ ਪਸੰਦ ਕਰਦੇ ਹਨ, ਕਿਉਂਕਿ ਉਹ ਇਸ ਨੂੰ ਅਜ਼ਾਦ ਨੌਕਰੀ ਸਮਝਦੇ ਹਨ। ਪਰ ਇਹ ਵੀ ਸੌਖਾ ਕੰਮ ਨਹੀਂ। ਉਹ ਤੜਕੇ 3-4 ਵਜੇ ਉੱਠ ਕੇ ਚਲੇ ਜਾਂਦੇ ਹਨ। ਬਾਹਰ ਹੀ ਰੋਟੀ-ਪਾਣੀ। ਸ਼ਾਮ ਨੂੰ ਘਰ ਮੁੜਦੇ ਹਨ। ਇੱਕ ਦਿਨ ਇੱਕ ਨੌਜਵਾਨ ਥੋੜਾ ਬਿਮਾਰ ਸੀ। ਉਸ ਨੇ ਦੱਸਿਆ ਕਿ ਮੈਨੂੰ ਕੰਮ 'ਤੇ ਜਾਣਾ ਹੀ ਪੈਣਾ ਹੈ, ਕਿਉਂਕਿ ਟਰਾਲਾ ਲੋਡ ਖੜ੍ਹਾ ਹੈ। ਜਦੋਂ ਬੱਚੇ ਹੋ ਜਾਂਦੇ ਹਨ ਤਾਂ ਨਵੀਆਂ ਜ਼ਿੰਮੇਵਾਰੀਆਂ ਦਾ ਭਾਰ ਵਧ ਜਾਂਦਾ ਹੈ। ਦੋਸੋਂ ਮਾਂ-ਪਿਉ ਨੂੰ ਬੱਚੇ ਸਾਂਭਣ ਲਈ ਮੰਗਵਾਉਂਦੇ ਹਨ, ਕਿਉਂਕਿ ਮੀਆਂ-ਬੀਵੀ ਦੋਹਾਂ ਦੇ ਕੰਮ ਕਰਨ ਬਿਨਾਂ ਨਹੀਂ ਸਰਦਾ। ਪਾਰਕ ਵਿੱਚ ਸੈਰ ਕਰਦੇ ਨੂੰ ਕਈ ਮਾਵਾਂ ਬੱਚਿਆਂ ਨੂੰ ਲਈ ਫਿਰਦੀਆਂ ਮਿਲ਼ੀਆਂ। ਮਾਪਿਆਂ ਨੂੰ ਇੱਥੇ ਪੱਕੀ ਰਿਹਾਇਸ਼ ਨਹੀਂ ਮਿਲ਼ਦੀ, ਜਾਂ ਹਜ਼ਾਰਾਂ ਡਾਲਰ ਤਾਰਨੇ ਪੈਂਦੇ ਹਨ। ਫਿਰ ਬੱਚਿਆਂ ਦੀ ਪੜ੍ਹਾਈ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਇੱਥੇ ਵੀ ਆਪਣੀ ਆਮਦਨੀ ਦੇ ਹਿਸਾਬ ਨਾਲ਼ ਸਕੂਲ ਦੀ ਚੋਣ ਕੀਤੀ ਜਾਂਦੀ ਹੈ। ਨਿੱਜੀ ਸਕੂਲ ਬਹੁਤ ਮਹਿੰਗੇ ਹਨ। ਜ਼ਿਆਦਾਤਰ ਲੋਕ ਸਰਕਾਰੀ ਸਕੂਲਾਂ 'ਚ ਹੀ ਪੜ੍ਹਾਉਂਦਾ ਹਨ। ਮੈਂ ਕਿੰਨੇ ਹੀ ਨੌਜਵਾਨਾਂ ਨੂੰ ਹਰੀਆਂ ਝੱਗੀਆਂ ਪਾਈ ਸਵੇਰ ਤੋਂ ਕੰਮ ਕਰਦੇ ਵੇਖਿਆ। ਮਕਾਨ ਉਸਾਰੀ ਦੇ ਕੰਮ ਸਵੇਰੇ ਸਾਝਰੇ ਹੀ ਸ਼ੁਰੂ ਹੋ ਜਾਂਦੇ ਹਨ ਅਤੇ ਸ਼ਾਮ ਪਏ ਘਰ ਜਾਂਦੇ ਹਨ। ਘਾਹ ਲਾਉਣ, ਮਾਲ ਵਿੱਚ ਕੰਮ ਕਰਨ ਜਾਂ ਹੋਰ ਵੀ ਅਜਿਹੇ ਕੰਮ ਕਰਦੇ ਹਨ। ਇਹ ਸੱਚ ਹੈ ਕਿ ਮਜ਼ਦੂਰੀ ਦਾ ਕੰਮ ਕਰਨ ਵਾਲ਼ਿਆਂ ਕੋਲ ਵੀ ਗੱਡੀਆਂ ਹਨ, ਕਿਉਂਕਿ ਬਿਨਾਂ ਗੱਡੀ ਕੰਮ ਨਹੀਂ ਮਿਲ਼ਦਾ। ਮਨੁੱਖ ਨੂੰ ਜਿਉਂਦੀਆਂ ਜਾਗਦੀਆਂ ਮਸ਼ੀਨਾਂ ਬਣਾ ਦਿੱਤਾ ਗਿਆ ਹੈ। ਟੈਕਸ ਤਨਖਾਹ ਵਿੱਚੋਂ ਕੱਟ ਲਿਆ ਜਾਂਦਾ ਹੈ। ਤਣਾਅ ਦੂਰ ਕਰਨ ਲਈ ਨੌਜਵਾਨ ਹਫਤੇ ਬਾਅਦ ਵਿਸਕੀ, ਬੀਅਰ ਦੇ ਪੈੱਗ ਲਾ ਕੇ ਆਰਜ਼ੀ ਖ਼ੁਸ਼ੀ ਪੈਦਾ ਕਰਦੇ ਹਨ। ਮੈਂ ਪੁੱਛਿਆ ਕਿ ਇੱਥੇ ਮਜ਼ਦੂਰਾਂ ਦੀ ਯੂਨੀਅਨ ਨਹੀਂ ਹੈ। ਉਨ੍ਹਾਂ ਦੱਸਿਆ ਕਿ ਥੋੜ੍ਹੀ ਬਹੁਤ ਹੈ ਜੋ ਲਾਲ ਝੰਡਾ ਲੈ ਕੇ ਕੰਮ ਕਰਦੇ ਹਨ। ਪਰ ਕਮਿਊਨਿਸਟਾਂ ਪ੍ਰਤੀ ਇੱਥੇ ਬਹੁਤ ਨਫਰਤ ਸਿਖਾਈ ਜਾਂਦੀ ਹੈ। ਇਕ ਯੂਨਾਈਟਡ ਅਸਟਰੇਲੀਅਨ ਪਾਰਟੀ ਬਣੀ ਹੈ ਜੋ ਪ੍ਰਚਾਰ ਕਰਦੀ ਹੈ ਕਿ ਸਾਡੇ ਦੇਸ਼ ਵਿੱਚ ਚੀਨ ਦੀ ਦਖ਼ਲਅੰਦਾਜ਼ੀ ਵਧ ਰਹੀ ਹੈ। ਉਹ ਆਸਟਰੇਲੀਆ ਨੂੰ 'ਕਮਿਊਨਿਸਟ' ਦੇਸ਼ ਬਣਾ ਦੇਣਗੇ। ਇੱਕ ਹੋਰ, ਪਾਰਲੀਮਾਨੀ ਢਾਂਚੇ ਵਿੱਚ ਵਿਸ਼ਵਾਸ ਪੱਕਾ ਕਰਨ ਲਈ ਹਰ ਨਾਗਰਿਕ ਨੂੰ ਵੋਟ ਪਾਉਣੀ ਲਾਜ਼ਮੀ ਹੈ, ਨਹੀਂ ਜੁਰਮਾਨਾ ਲੱਗਦਾ ਹੈ। ਇੱਕ ਨੌਜਵਾਨ ਨੇ ਦੱਸਿਆ, "ਮੈਂ 80 ਡਾਲਰ ਚੌਥੀ ਵਾਰ ਭਰ ਰਿਹਾਂ ਹਾਂ ਕਿਉਂਕਿ ਮੈਂ ਕਦੇ ਵੋਟ ਨਹੀਂ ਪਾਈ।"









# ਸਿਰਦਰਦ ਦਾ ਸਮਾਂਬੱਧ ਇਲਾਜ ਅਤੇ ਕਾਰਨ

**ਸਿਰਦਰਦ ਦੇ ਅਸਲੀ ਕਾਰਨ ਬਾਰੇ ਜਾਨਣਾ ਬਹੁਤ ਜ਼ਰੂਰੀ ਹੈ। ਸਹੀ ਹੱਲ ਤੋਂ ਬਿਨਾਂ ਸਿਰਦਰਦ ਦਾ ਇਲਾਜ ਨਹੀਂ ਕੀਤਾ ਜਾ ਸਕਦਾ। ਇਸ ਲਈ ਜ਼ਰੂਰੀ ਹੈ ਕਿ ਸਬੰਧਤ ਪਹਿਲੂਆਂ ਦੀ ਜਾਂਚ ਕੀਤੀ ਜਾਵੇ। ਸਹੀ ਇਲਾਜ ਲਈ ਸਕੈਨਿੰਗ ਅਤੇ ਪ੍ਰਯੋਗਸ਼ਾਲਾ ਜਾਂਚ ਆਦਿ ਨਵੀਆਂ ਤਕਨੀਕਾਂ ਜ਼ਰੀਏ ਸਿਰਦਰਦ ਦੇ ਕਾਰਨ ਲੱਭਣੇ ਜ਼ਰੂਰੀ ਹਨ।**

ਇਹ ਇਕ ਨਿਊਰੋਲੋਜੀਕਲ ਸਥਿਤੀ ਹੈ, ਜਿਸ 'ਚ ਮਰੀਜ਼ ਨੂੰ ਇਸ ਦੇ ਕਾਰਨਾਂ ਦਾ ਗਿਆਨ ਨਹੀਂ ਹੁੰਦਾ। ਇਸ ਨਾਲ ਸਿਰ ਜਾਂ ਚਿਹਰੇ ਦੇ ਨੇੜੇ-ਤੇੜੇ ਦਰਦ ਜਾਂ ਲਗਾਤਾਰ ਦਰਦ ਦੀ ਸ਼ਿਕਾਇਤ ਹੁੰਦੀ ਹੈ। ਸਿਰਦਰਦ ਨਿਊਰੋਲੋਜੀਕਲ ਸਮੱਸਿਆ ਹੈ, ਜੋ ਜ਼ਿਆਦਾਤਰ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਮਨੁੱਖੀ ਜ਼ਿੰਦਗੀ 'ਚ ਵੱਖ-ਵੱਖ ਤਰ੍ਹਾਂ ਦੇ ਸਿਰਦਰਦ ਦਾ ਵਰਣਨ ਮਿਲਦਾ ਹੈ ਪਰ ਸਭ ਤੋਂ ਆਮ ਮਾਈਗ੍ਰੇਨ ਤੇ ਤਣਾਅ ਆਦਿ ਨਾਲ ਸਬੰਧਿਤ ਸਿਰਦਰਦ ਹੈ। ਇਹ ਦਰਦ ਆਮ ਹੈ, ਹਾਲਾਂਕਿ ਇਨ੍ਹਾਂ ਨਾਲ ਜੀਵਨ ਨੂੰ ਖ਼ਤਰਾ ਨਹੀਂ ਹੈ ਪਰ ਸਿਰਦਰਦ ਰੋਜ਼ਾਨਾ ਜੀਵਨ ਦੀਆਂ ਗਤੀਵਿਧੀਆਂ ਨੂੰ ਜ਼ਬਰਦਸਤ ਰੂਪ ਨਾਲ ਪ੍ਰਭਾਵਿਤ ਕਰਦਾ ਹੈ।

## ਕੀ ਹੈ ਸਿਰਦਰਦ ?

ਇਹ ਇਕ ਨਿਊਰੋਲੋਜੀਕਲ ਸਥਿਤੀ ਹੈ, ਜਿਸ 'ਚ ਮਰੀਜ਼ ਨੂੰ ਇਸ ਦੇ ਕਾਰਨਾਂ ਦਾ ਗਿਆਨ ਨਹੀਂ ਹੁੰਦਾ। ਇਸ ਨਾਲ ਸਿਰ ਜਾਂ ਚਿਹਰੇ ਦੇ ਨੇੜੇ-ਤੇੜੇ ਦਰਦ ਜਾਂ ਲਗਾਤਾਰ ਦਰਦ ਦੀ ਸ਼ਿਕਾਇਤ ਹੁੰਦੀ ਹੈ। ਦੁਨੀਆ ਦੀ ਲਗਪਗ ਅੱਧੀ ਆਬਾਦੀ ਕਿਸੇ ਨਾ ਕਿਸੇ ਤਰ੍ਹਾਂ ਦੇ ਸਿਰਦਰਦ ਤੋਂ ਪੀੜਤ ਹੈ।

## ਸਿਰਦਰਦ ਦੀਆਂ ਕਿਸਮਾਂ

ਸਿਰਦਰਦ ਸਬੰਧੀ ਵਿਕਾਰਾਂ ਦੇ ਮੂਲ ਵਰਗੀਕਰਨ ਦਾ ਮਸੌਦਾ ਇੰਟਰਨੈਸ਼ਨਲ ਹੈੱਡਏਕ ਸੁਸਾਇਟੀ (ਆਈਐੱਚਐੱਸ) ਵੱਲੋਂ ਤਿਆਰ ਕੀਤਾ ਗਿਆ ਹੈ। ਸਿਰਦਰਦ ਰੋਗਾਂ ਦਾ ਹਾਲੀਆ ਅੰਤਰਰਾਸ਼ਟਰੀ ਵਰਗੀਕਰਨ ਇਸ ਤਰ੍ਹਾਂ ਹੈ, '3-ਬੀਟਾ' ਨੇ 3 ਵਿਆਪਕ ਗਰੁੱਪਾਂ ਵਿਚ ਸਿਰਦਰਦ ਦੇ ਵਿਕਾਰਾਂ ਨੂੰ ਵੰਡਿਆ ਹੈ – ਸ਼ੁਰੂਆਤੀ ਸਿਰਦਰਦ, ਸੈਕੰਡਰੀ ਸਿਰਦਰਦ, ਦਰਦਨਾਕ ਕ੍ਰੇਨੀਅਲ ਨਿਊਰੋਪੈਥੀ, ਚਿਹਰੇ ਦਾ ਦਰਦ ਅਤੇ ਹੋਰ ਸਿਰਦਰਦ।

## ਇਲਾਜ ਦੀ ਜ਼ਰੂਰਤ

- ਜਦੋਂ ਸਭ ਤੋਂ ਤੇਜ਼ ਸਿਰਦਰਦ ਹੋਵੇ।
- ਕੁਝ ਵੀ ਨਜ਼ਰ ਨਾ ਆਉਣ ਦੇ ਨਾਲ-ਨਾਲ ਸਿਰਦਰਦ ਰਹੇ, ਸਿਰਦਰਦ ਦੇ ਨਾਲ-ਨਾਲ ਉਲਟੀਆਂ ਆਉਣਾ, ਵੇਖਦੇ ਸਮੇਂ ਝਾਉਲਾ ਨਜ਼ਰ ਆਉਣਾ, ਅੰਗਾਂ ਦੀ ਕਮਜ਼ੋਰੀ ਮਹਿਸੂਸ ਹੋਣਾ ਜਾਂ ਹੋਸ਼ ਵਿਚ ਨਾ ਰਹਿਣ, ਬੁਖ਼ਾਰ ਅਤੇ ਗਰਦਨ 'ਚ ਦਰਦ ਦੇ ਨਾਲ ਤੇਜ਼ ਸਿਰਦਰਦ।
- 72 ਘੰਟੇ ਤੋਂ ਜ਼ਿਆਦਾ ਸਮੇਂ ਤਕ ਰਹਿਣ ਵਾਲਾ ਸਿਰਦਰਦ ਹੋਵੇ ਤਾਂ ਅਜਿਹੀ ਹਲਾਤ 'ਚ ਤੁਰੰਤ ਡਾਕਟਰ ਦੀ ਮਦਦ ਲਵੋ। ਅਜਿਹੇ ਲੱਛਣਾਂ ਵਾਲਾ ਸਿਰਦਰਦ ਜਾਂ ਮਾਈਗ੍ਰੇਨ ਤੁਹਾਡੇ ਲਈ ਅਸਧਾਰਨ ਜਾਂ ਖ਼ਤਰਨਾਕ ਹੈ।

## ਕਾਰਨਾਂ ਬਾਰੇ ਜਾਨਣਾ ਜ਼ਰੂਰੀ

ਸਿਰਦਰਦ ਦੇ ਅਸਲੀ ਕਾਰਨ ਬਾਰੇ ਜਾਨਣਾ ਬਹੁਤ ਜ਼ਰੂਰੀ ਹੈ। ਸਹੀ ਹੱਲ ਤੋਂ ਬਿਨਾਂ ਸਿਰਦਰਦ ਦਾ ਇਲਾਜ ਨਹੀਂ ਕੀਤਾ ਜਾ ਸਕਦਾ। ਇਸ ਲਈ ਜ਼ਰੂਰੀ ਹੈ ਕਿ ਸਬੰਧਤ ਪਹਿਲੂਆਂ ਦੀ ਜਾਂਚ ਕੀਤੀ ਜਾਵੇ। ਸਹੀ ਇਲਾਜ ਲਈ ਸਕੈਨਿੰਗ ਅਤੇ ਪ੍ਰਯੋਗਸ਼ਾਲਾ ਜਾਂਚ ਆਦਿ ਨਵੀਆਂ ਤਕਨੀਕਾਂ ਜ਼ਰੀਏ ਸਿਰਦਰਦ ਦੇ ਕਾਰਨ ਲੱਭਣੇ ਜ਼ਰੂਰੀ ਹਨ।

## ਸਿਰਦਰਦ ਪ੍ਰਬੰਧਨ ਤਕਨੀਕ

ਸਿਰਦਰਦ ਦੇ ਮਰੀਜ਼ਾਂ ਦੇ ਪ੍ਰਬੰਧਨ 'ਚ ਸਿਰਦਰਦ ਤੇ ਮਰੀਜ਼ ਦੀ ਸਹੀ ਪਰਖ ਜ਼ਰੂਰੀ ਹੈ। ਕੁਝ ਤਰ੍ਹਾਂ ਦੇ ਸਿਰਦਰਦ ਨੂੰ ਘੱਟ ਕਰਨ ਲਈ ਜੀਵਨਸ਼ੈਲੀ 'ਚ ਤਬਦੀਲੀ ਤੇ ਤਣਾਅ ਨੂੰ ਘੱਟ ਕਰਨ ਦੇ ਯਤਨ ਕੀਤੇ ਜਾਣੇ ਮਹੱਤਵਪੂਰਨ ਹਨ। ਸਿਰਦਰਦ ਦੇ ਕਾਰਨ ਦੀ ਪੁਸ਼ਟੀ ਹੋ ਜਾਣ ਤੋਂ ਬਾਅਦ ਹੀ ਇਸ ਦਾ ਸਹੀ ਇਲਾਜ ਸ਼ੁਰੂ ਕੀਤਾ ਜਾ ਸਕਦਾ ਹੈ। ਸਿਰਦਰਦ ਤੋਂ ਬਚਣ ਲਈ ਦਰਦ ਰੋਕੂ ਦਵਾਈਆਂ ਦੀ ਵਰਤੋਂ ਨੂੰ ਸੀਮਤ ਕਰਨਾ ਚਾਹੀਦਾ ਹੈ। ਦਵਾਈਆਂ ਦੇ ਇਲਾਜ ਤੋਂ ਇਲਾਵਾ ਬੋਟੂਲਿਨਮ ਟੌਕਸਿਨ ਇੰਟਰਾ-ਮਸਕੁਲਰ ਇੰਜੈਕਸ਼ਨ ਅਤੇ ਗ੍ਰੇਟ ਔਸੀਸੀਪਿਟਲ ਨਰਵ ਬਲਾਕ ਵੀ ਸਿਰਦਰਦ ਦੇ ਪੁਰਾਣੇ ਮਰੀਜ਼ਾਂ ਲਈ ਇਕ ਚੰਗਾ ਬਦਲ ਹੈ, ਜੋ ਓਪੀਡੀ ਦੇ ਆਧਾਰ 'ਤੇ ਦਿੱਤਾ ਜਾ ਸਕਦਾ ਹੈ। ਸ਼ੁਰੂ 'ਚ ਇਹ ਦਰਦ ਅਚਾਨਕ ਹੁੰਦਾ ਹੈ ਤੇ ਉਨ੍ਹਾਂ ਲੋਕਾਂ 'ਚ ਜ਼ਾਹਿਰ ਹੁੰਦਾ ਹੈ, ਜੋ ਇਸ ਤੋਂ ਪੀੜਤ ਨਹੀਂ ਹਨ ਪਰ ਜਦੋਂ ਇਹ ਪੂਰੀ ਤਰ੍ਹਾਂ ਵਿਕਸਿਤ ਹੋ ਜਾਂਦਾ ਹੈ ਤਾਂ ਪੀੜਤ ਵਿਅਕਤੀ 'ਤੇ ਇਸ ਦਾ ਕਹਿਰ ਟੁੱਟਦਾ ਹੈ। ਸਿਰਦਰਦ ਦੇ ਇਲਾਜ ਲਈ ਜੀਵਨਸ਼ੈਲੀ 'ਚ ਤਬਦੀਲੀ ਨਾਲ ਮਾਹਿਰਾਂ ਨਾਲ ਸਲਾਹ ਤੇ ਇਲਾਜ ਬੇਹੱਦ ਮਹੱਤਵਪੂਰਨ ਹੈ।

—ਡਾ: ਅਮਿਤ ਸ਼ੰਕਰ ਸਿੰਘ

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"
Superior Mortgage
Unit 244-8138-128 Street, Surrey
604 507 1000
Our Symbol of Care & Service



ਸ਼ੋਰ ਸਾਈਡ ਫਿਸ਼ ਕੈਨਰੀ
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold Key
INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY<br>(604) 502 - 0441<br>FAX (604) 502-0417 | 5-8430 128TH ST.<br>SURREY, BC<br>V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| VANCOUVER<br>(604) 325 - 1241<br>FAX (604) 325-1414 | 4038 KNIGHT ST.<br>VANCOUVER, BC<br>V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

OPEN 7 DAYS

www.goldkeyinsurance.ca

Practice Social Distancing

Please wear a face mask or face covering before entry

fruiticana hee jaana!

Your one and only Surrey owned Punjabi store

ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ

# LOWEST PRICES IN TOWN

ਸ਼ਹਿਰ ਦੇ ਸੱਭ ਤੋਂ ਘੱਟ ਦਾਮ

Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
98¢ lb

Reg. Large Eggplant
ਵੱਡੇ ਬਤਾਉਂ
99¢ ea.

Daikon (Mooli)
ਮੂਲੀ
98¢ lb

Bartlett Pears
ਬਾਰਟਲੇਟ ਨਾਸ਼ਪਤੀ
88¢ lb

Pink Lady Apples
ਪੀਂਕ ਲੇਡੀ ਐਪਲ
98¢ lb

Chickpeas 4 lbs Indican
ਇੰਡੀਕੇਨ ਚਿੱਟੇ ਛੋਲੇ
$3.99 bag

Extra Extra Super Special
Yellow Onions 50 lbs
ਪੀਲੇ ਗੰਢੇ
$10.98 bag

Extra Super Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$1.99 ea.

Extra Super Super Special
Roma Tomatoes
ਰੋਮਾ ਟਮਾਟਰ
99¢ lb

Super Special
Desi Karela
ਦੇਸੀ ਕਰੇਲਾ
$1.29 lb

Super Special
English Cucumbers
ਇੰਗਲਿਸ਼ ਖੀਰੇ
2 for $1.50

Super Special
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$4.49 lb

Super Special
Maggi Masala Noodles 70 g
ਮੈਗੀ ਮਸਾਲਾ ਨੂਡਲਸ
3 Pkgs. for 99¢

Super Special
Indican Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2.99 bag

Super Special
Fresh Ginger
ਤਾਜ਼ਾ ਅਦਰਕ
$1.49 lb

Russet Potatoes 10 lbs
ਆਲੂ ਰਸਟ ਸਨੋਬੁਆਏ
$2.99 bag

Opo Squash
ਓਪੋ ਕੱਦੂ
88¢ lb

Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle

Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$5.99 pkg.

Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb

Pesi Gur Plain
ਪੇਸ਼ੀ ਗੁੜ
$2.49 lb

Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag

Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4.99 bag

Product images may differ from the actual product.

Fri Dec 17, 2021 - Thur Dec 23, 2021
We reserve the right to limit the quantities while they last
Specials valid for Lower Mainland only

Head Office: 7676 Anvil Way, Surrey
604-502-0005
www.fruiticana.com

fruiticana SINCE 1994

NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809

BUSINESS HOURS
9 AM - 8 PM
7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |